@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 15 March 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 15 ਮਾਰਚ 2026, 30 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 129, qpatrika@gmail.com ਫੋਨ : 9971359517 www.qaumipatrika.org

# ਪੰਜਾਬ ਨੇ ਵਿਸ਼ਵ ਪੱਧਰੀ ਉਦਯੋਗਾਂ ਲਈ ਦਰਵਾਜ਼ੇ ਖੋਲ੍ਹੇ ਮੁੱਖ ਮੰਤਰੀ ਨੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ !

ਕੌਮੀ ਪਤ੍ਰਿਕਾ
**ਨਰੇਸ਼ ਕੁਮਾਰ ਮਲਹੋਤਰਾ**

ਨਵੀਂ ਦਿੱਲੀ 14 ਮਾਰਚ। ਪੰਜਾਬ ਤੇਜ਼ੀ ਨਾਲ ਉਦਯੋਗਿਕ ਵਿਕਾਸ ਅਤੇ ਆਰਥਿਕ ਪੁਨਰਜਾਗਰਣ ਦੇ ਨਵੇਂ ਯੁੱਗ ਵੱਲ ਵੱਧ ਰਿਹਾ ਹੈ ਕਿਉਂਕਿ ਰਾਜ ਸਰਕਾਰ ਦੇਸ਼ ਅਤੇ ਵਿਦੇਸ਼ ਦੇ ਵੱਡੇ ਉਦਯੋਗਿਕ ਘਰਾਨਿਆਂ ਨੂੰ ਆਕਰਸ਼ਿਤ ਕਰਨ ਲਈ ਆਪਣੇ ਯਤਨ ਤੇਜ਼ ਕਰ ਰਹੀ ਹੈ। ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਭਰ ਅਤੇ ਦੁਨੀਆ ਦੇ ਵੱਡੇ ਉਦਯੋਗਪਤੀਆਂ ਨੂੰ ਪੰਜਾਬ ਵਿੱਚ ਫੈਕਟਰੀਆਂ, ਨਿਰਮਾਣ ਇਕਾਈਆਂ ਅਤੇ ਮਿਲਾਂ ਸਥਾਪਿਤ ਕਰਨ ਲਈ ਪ੍ਰੋਤਸਾਹਿਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਉਨ੍ਹਾਂ ਨੂੰ ਪੂਰਾ ਪ੍ਰਸ਼ਾਸਨਿਕ ਸਹਿਯੋਗ ਅਤੇ ਵਪਾਰ ਲਈ ਅਨੁਕੂਲ ਵਾਤਾਵਰਣ ਦੇਣ ਦਾ ਵਾਅਦਾ ਕੀਤਾ ਹੈ। ਵੱਖ-ਵੱਖ ਸਭਾਵਾਂ ਅਤੇ ਉਦਯੋਗਪਤੀਆਂ ਨਾਲ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਰਾਜ ਨੂੰ ਭਾਰਤ ਦੇ ਅਗੇਤਰ ਉਦਯੋਗਿਕ ਕੇਂਦਰਾਂ ਵਿੱਚ ਤਬਦੀਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਨਿਵੇਸ਼ਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਉਦਯੋਗਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰੇਗੀ ਅਤੇ ਇਹ ਯਕੀਨੀ ਬਣਾਏਗੀ ਕਿ ਪੰਜਾਬ ਵਿੱਚ ਆਪਣੇ ਕਾਰੋਬਾਰ ਸਥਾਪਿਤ ਕਰਦੇ ਸਮੇਂ ਉਦਯੋਗਪਤੀਆਂ ਨੂੰ ਕਿਸੇ ਵੀ ਕਿਸਮ ਦੀ ਬੇਲੋੜੀ ਰੁਕਾਵਟ ਜਾਂ ਬਿਊਰੋਕ੍ਰੈਟਿਕ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੰਨਣਾ ਹੈ ਕਿ ਉਦਯੋਗਿਕ ਵਿਕਾਸ ਹੀ ਆਰਥਿਕ ਖੁਸ਼ਹਾਲੀ ਅਤੇ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਯਕੀਨੀ ਬਣਾਉਣ ਦੀ ਕੁੰਜੀ ਹੈ। ਉਨ੍ਹਾਂ ਦੇ ਅਨੁਸਾਰ ਵੱਡੇ ਉਦਯੋਗਿਕ ਘਰਾਨਿਆਂ ਦੇ ਆਉਣ ਨਾਲ ਨਾ ਸਿਰਫ਼ ਰਾਜ ਦੀ ਅਰਥਵਿਵਸਥਾ ਨੂੰ ਮਜ਼ਬੂਤੀ ਮਿਲੇਗੀ ਸਗੋਂ ਹਜ਼ਾਰਾਂ ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਵੀ ਮਿਲਣਗੀਆਂ, ਜਿਸ ਨਾਲ ਬੇਰੁਜ਼ਗਾਰੀ ਘਟੇਗੀ ਅਤੇ ਰਾਜ ਦੀ ਸਮੂਹਿਕ ਆਰਥਿਕ ਸੰਰਚਨਾ ਮਜ਼ਬੂਤ ਹੋਵੇਗੀ। ਮਾਨ ਨੇ ਦੁਹਰਾਇਆ ਕਿ ਸਰਕਾਰ ਇੱਕ ਪਾਰਦਰਸ਼ੀ ਅਤੇ ਨਿਵੇਸ਼ਕ-ਮਿਤਰ ਵਾਤਾਵਰਣ ਤਿਆਰ ਕਰ ਰਹੀ ਹੈ, ਜਿੱਥੇ ਉਦਯੋਗ ਆਸਾਨੀ ਨਾਲ ਕੰਮ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਰਾਜ ਪ੍ਰਸ਼ਾਸਨ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਿਵੇਸ਼ਕਾਂ ਨੂੰ ਤੁਰੰਤ ਮਨਜ਼ੂਰੀਆਂ, ਵਧੀਆ ਬੁਨਿਆਦੀ ਢਾਂਚਾ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨਿਕ ਸਹਿਯੋਗ ਪ੍ਰਦਾਨ ਕੀਤਾ ਜਾਵੇ ਤਾਂ ਜੋ ਉਹ ਪੰਜਾਬ ਵਿੱਚ ਨਿਵੇਸ਼ ਕਰਨ ਲਈ ਆਤਮਵਿਸ਼ਵਾਸ ਮਹਿਸੂਸ ਕਰਨ। ਇਸ ਦਰਮਿਆਨ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਸ਼੍ਰੀ ਅਰਵਿੰਦ ਕੇਜਰੀਵਾਲ ਨੇ ਵੀ ਪੰਜਾਬ ਦੇ ਆਰਥਿਕ ਭਵਿੱਖ ਬਾਰੇ ਮਜ਼ਬੂਤ ਭਰੋਸਾ ਪ੍ਰਗਟ ਕੀਤਾ। ਉਨ੍ਹਾਂ ਨੇ ਰਾਜ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਖੁਸ਼ਹਾਲੀ ਅਤੇ ਵਿਕਾਸ ਲਿਆਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਹੁਣ ਤਰੱਕੀ ਅਤੇ ਬਦਲਾਅ ਦੇ ਨਵੇਂ ਯੁੱਗ ਵੱਲ ਵੱਧ ਰਿਹਾ ਹੈ। ਉਨ੍ਹਾਂ ਦੇ ਅਨੁਸਾਰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਨੀਤੀਆਂ ਅਤੇ ਪਹਲਾਂ ਦਾ ਉਦੇਸ਼ ਰਾਜ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਲਿਆਉਣਾ ਅਤੇ ਪੰਜਾਬ ਨੂੰ ਦੇਸ਼ ਦੇ ਅਗੇਤਰ ਉਦਯੋਗਿਕ ਕੇਂਦਰਾਂ ਵਿੱਚ ਸਥਾਪਿਤ ਕਰਨਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਸਰਕਾਰ ਇੱਕ ਆਧੁਨਿਕ ਉਦਯੋਗਿਕ ਇਕੋਸਿਸਟਮ ਤਿਆਰ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਜਿਸ ਨੂੰ ਵਧੀਆ ਬੁਨਿਆਦੀ ਢਾਂਚਾ, ਬਿਹਤਰ ਕਨੈਕਟਿਵਿਟੀ ਅਤੇ ਪ੍ਰਭਾਵਸ਼ਾਲੀ ਸ਼ਾਸਨ ਦਾ ਸਮਰਥਨ ਪ੍ਰਾਪਤ ਹੋਵੇਗਾ। ਇਨ੍ਹਾਂ ਉਪਰਾਲਿਆਂ ਦੇ ਲਾਗੂ ਹੋਣ ਨਾਲ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਵਿੱਚ ਨਿਵੇਸ਼ ਦੀ ਨਵੀਂ ਲਹਿਰ ਦੇਖਣ ਨੂੰ ਮਿਲ ਸਕਦੀ ਹੈ। ਇਸ ਸੰਵਾਦਦਾਤਾ ਨਾਲ ਗੱਲਬਾਤ ਦੌਰਾਨ ਕਈ ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ 'ਤੇ ਆਪਣਾ ਭਰੋਸਾ ਜਤਾਇਆ।




Contd..............page-3

## ਕੋਲਕਾਤਾ 'ਚ ਪ੍ਰਧਾਨ ਮੰਤਰੀ ਮੋਦੀ ਦੀ ਲਲਕਾਰ ! ਕਿਹਾ-ਬੰਗਾਲ 'ਚ 'ਮਹਾਜੰਗਲਰਾਜ' ਦਾ ਹੋਵੇਗਾ ਖਾਤਮਾ

ਕੌਮੀ ਪਤ੍ਰਿਕਾ

ਕੋਲਕਾਤਾ 14 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਲਕਾਤਾ 'ਚ ਇੱਕ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦਿਆਂ ਪੱਛਮੀ ਬੰਗਾਲ ਦੀ ਮਮਤਾ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਐਲਾਨ ਕੀਤਾ ਕਿ ਬੰਗਾਲ 'ਚ ਬਦਲਾਅ ਦੀ ਇਬਾਰਤ ਕੰਧਾਂ 'ਤੇ ਲਿਖੀ ਜਾ ਚੁੱਕੀ ਹੈ ਤੇ ਹੁਣ ਸੂਬੇ 'ਚੋਂ 'ਨਿਰਮਮ' (ਬੇਰਹਿਮ) ਸਰਕਾਰ ਅਤੇ 'ਮਹਾਜੰਗਲਰਾਜ' ਦਾ ਖਾਤਮਾ ਹੋ ਕੇ ਰਹੇਗਾ। ਪੀਐੱਮ ਮੋਦੀ ਨੇ ਪੱਛਮੀ ਬੰਗਾਲ ਅਤੇ ਪੂਰਬੀ ਭਾਰਤ ਦੇ ਵਿਕਾਸ ਲਈ 18,000 ਕਰੋੜ ਰੁਪਏ ਤੋਂ ਵੱਧ ਦੇ ਸੜਕ, ਰੇਲਵੇ ਅਤੇ ਪੋਰਟ ਇਨਫਰਾਸਟਰੱਕਚਰ ਨਾਲ ਜੁੜੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਲੋਕ ਅਰਪਣ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਖੇਤਰ ਵਿੱਚ ਵਪਾਰ ਅਤੇ ਉਦਯੋਗ ਨੂੰ ਨਵੀਂ ਰਫ਼ਤਾਰ ਦੇਣਗੇ ਅਤੇ ਲੱਖਾਂ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਗੇ। ਉਨ੍ਹਾਂ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਬੰਗਾਲ ਦੇ ਰੇਲਵੇ ਇਨਫਰਾਸਟਰੱਕਚਰ ਦੇ ਵਿਸਥਾਰ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਮਮਤਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਪੀਐੱਮ ਨੇ ਕਿਹਾ ਕਿ ਟੀਐੱਮਸੀ ਸਰਕਾਰ ਆਪਣੀ ਕੁਰਸੀ ਜਾਂਦੀ ਦੇਖ ਕੇ ਬੌਖਲਾ ਗਈ ਹੈ। ਉਨ੍ਹਾਂ ਕਿਹਾ ਕਿ ਬੰਗਾਲ 'ਚ ਇੱਕ ਵਾਰ ਫਿਰ ਕਾਨੂੰਨ ਦਾ ਰਾਜ ਸਥਾਪਤ ਹੋਵੇਗਾ ਅਤੇ ਟੀਐੱਮਸੀ ਦੇ ਕਿਸੇ ਵੀ ਅੱਤਿਆਚਾਰੀ ਜਾਂ ਕਾਨੂੰਨ ਤੋੜਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ 'ਨਿਰਮਮ' ਸਰਕਾਰ ਦਾ ਕਾਊਂਟਡਾਊਨ ਸ਼ੁਰੂ ਹੋ ਚੁੱਕਾ ਹੈ ਤੇ ਨਵੇਂ ਬੰਗਾਲ ਦੀ ਕ੍ਰਾਂਤੀ ਦਾ ਬਿਗੁਲ ਵੱਜ ਚੁੱਕਾ ਹੈ। ਪੀਐੱਮ ਮੋਦੀ ਨੇ ਦੋਸ਼ ਲਾਇਆ ਕਿ ਇਸ ਰੈਲੀ ਨੂੰ ਰੋਕਣ ਲਈ ਸੂਬਾ ਸਰਕਾਰ ਨੇ ਹਰ ਹਰਬਾ ਵਰਤਿਆ। ਪੁਲ ਬੰਦ ਕੀਤੇ ਗਏ, ਗੱਡੀਆਂ ਰੁਕਵਾਈਆਂ ਗਈਆਂ ਅਤੇ ਭਾਜਪਾ ਦੇ ਝੰਡੇ ਤੇ ਪੋਸਟਰ ਤੱਕ ਪਾੜ ਦਿੱਤੇ ਗਏ। ਉਨ੍ਹਾਂ ਕਿਹਾ ਕਿ ਟੀਐੱਮਸੀ ਨੇ ਰੈਲੀ 'ਚ ਆਉਣ ਵਾਲੇ ਲੋਕਾਂ ਨੂੰ 'ਚੋਰ' ਕਹਿ ਕੇ ਅਪਮਾਨਿਤ ਕੀਤਾ ਹੈ, ਪਰ ਬੰਗਾਲ ਦੀ ਜਨਤਾ ਭਲੀਭਾਂਤ ਜਾਣਦੀ ਹੈ ਕਿ ਅਸਲੀ ਚੋਰ ਕੌਣ ਹੈ। ਉਨ੍ਹਾਂ ਕਿਹਾ ਕਿ ਜਨਤਾ ਦਾ ਇਹ ਸੈਲਾਬ ਦੱਸ ਰਿਹਾ ਹੈ ਕਿ ਹੁਣ ਬਦਲਾਅ ਦੀ ਇਸ ਆਂਧੀ ਨੂੰ ਕੋਈ ਨਹੀਂ ਰੋਕ ਸਕਦਾ।



## ਆਫ਼ਤ ਪ੍ਰਭਾਵਿਤ ਸੂਬਿਆਂ ਨੂੰ ਕੇਂਦਰ ਦੀ ਵੱਡੀ ਰਾਹਤ

ਨਵੀਂ ਦਿੱਲੀ 14 ਮਾਰਚ। ਕੇਂਦਰ ਨੇ 2025 'ਚ ਹੜ੍ਹ, ਅਚਾਨਕ ਆਏ ਹੜ੍ਹ, ਬੱਦਲ ਫਟਣ, ਜ਼ਮੀਨ ਖਿਸਕਣ ਅਤੇ ਚੱਕਰਵਾਤ 'ਮੋਂਥਾ' ਤੋਂ ਪ੍ਰਭਾਵਿਤ 5 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਨੂੰ 1,912.99 ਕਰੋੜ ਰੁਪਏ ਦੀ ਵਾਧੂ ਵਿੱਤੀ ਮਦਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰ ਸਰਕਾਰ ਨੇ ਸ਼ੁੱਕਰਵਾਰ ਨੂੰ ਜਾਰੀ ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ। ਬਿਆਨ 'ਚ ਕਿਹਾ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਵਾਲੀ ਉੱਚ ਪੱਧਰੀ ਕਮੇਟੀ (ਐੱਚਐੱਲਸੀ) ਨੇ ਇਹ ਫ਼ੈਸਲਾ ਲਿਆ ਹੈ। ਬਿਆਨ ਅਨੁਸਾਰ, ਇਹ 5 ਸੂਬੇ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਨਾਗਾਲੈਂਡ ਹਨ। ਬਿਆਨ 'ਚ ਕਿਹਾ ਗਿਆ ਹੈ,"ਕੁੱਲ ਰਾਸ਼ੀ 'ਚੋਂ 341.48 ਕਰੋੜ ਰੁਪਏ ਆਂਧਰਾ ਪ੍ਰਦੇਸ਼ ਲਈ, 15.70 ਕਰੋੜ ਰੁਪਏ ਛੱਤੀਸਗੜ੍ਹ ਲਈ, 778.67 ਕਰੋੜ ਰੁਪਏ ਗੁਜਰਾਤ ਲਈ, 288.39 ਕਰੋੜ ਰੁਪਏ ਹਿਮਾਚਲ ਪ੍ਰਦੇਸ਼ ਲਈ, 158.41 ਕਰੋੜ ਰੁਪਏ ਨਾਗਾਲੈਂਡ ਲਈ ਅਤੇ 330.34 ਕਰੋੜ ਰੁਪਏ ਜੰਮੂ ਕਸ਼ਮੀਰ ਲਈ ਮਨਜ਼ੂਰ ਕੀਤੇ ਗਏ ਹਨ।" ਇਹ ਮਦਦ ਰਾਜ ਆਫ਼ਤ ਪ੍ਰਤੀਕਿਰਿਆ ਫੰਡ (ਐੱਸਡੀਆਰਐੱਫ) ਦੇ ਅਧੀਨ ਸੂਬਿਆਂ ਨੂੰ ਪਹਿਲਾਂ ਤੋਂ ਜਾਰੀ ਕੀਤੀ ਗਈ ਧਨ ਰਾਸ਼ੀ ਤੋਂ ਇਲਾਵਾ ਹੈ।

## ਈਰਾਨ-ਅਮਰੀਕਾ ਜੰਗ: ਐੱਸ. ਜੈਸ਼ੰਕਰ ਦੀ ਈਰਾਨੀ ਵਿਦੇਸ਼ ਮੰਤਰੀ ਨਾਲ ਤਿੰਨ ਵਾਰ ਹੋਈ ਗੱਲਬਾਤ

ਨਵੀਂ ਦਿੱਲੀ 14 ਮਾਰਚ। ਈਰਾਨ ਅਤੇ ਅਮਰੀਕਾ ਵਿਚਾਲੇ ਜਾਰੀ ਜੰਗ ਕਾਰਨ ਪੈਦਾ ਹੋਏ ਵਿਸ਼ਵਵਿਆਪੀ ਤੇਲ ਸੰਕਟ ਦਰਮਿਆਨ ਭਾਰਤ ਸਰਕਾਰ ਸਰਗਰਮ ਹੋ ਗਈ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਪਿਛਲੇ ਕੁਝ ਦਿਨਾਂ ਵਿੱਚ ਈਰਾਨੀ ਵਿਦੇਸ਼ ਮੰਤਰੀ ਨਾਲ ਤਿੰਨ ਵਾਰ ਗੱਲਬਾਤ ਕੀਤੀ ਹੈ। ਇਸ ਗੱਲਬਾਤ ਦਾ ਮੁੱਖ ਕੇਂਦਰ ਸਮੁੰਦਰੀ ਜਹਾਜ਼ਾਂ ਦੀ ਸੁਰੱਖਿਆ ਅਤੇ ਭਾਰਤ ਦੀ ਊਰਜਾ ਸੁਰੱਖਿਆ ਨਾਲ ਜੁੜੇ ਅਹਿਮ ਮੁੱਦੇ ਰਹੇ ਹਨ। ਰਿਪੋਰਟਾਂ ਅਨੁਸਾਰ ਜੰਗ ਦੇ ਕਾਰਨ Strait of Hormuz ਤੋਂ ਕਿਸੇ ਵੀ ਕਾਰਗੋ ਜਹਾਜ਼ ਦੇ ਲੰਘਣ 'ਤੇ ਪਾਬੰਦੀ ਲਗਾਈ ਗਈ ਹੈ। ਇਸ ਰੁਕਾਵਟ ਕਾਰਨ ਕੱਚੇ ਤੇਲ ਦੀ ਦਰਾਮਦ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ, ਜਿਸ ਨਾਲ ਦੁਨੀਆ ਭਰ ਵਿੱਚ ਤੇਲ ਦਾ ਸੰਕਟ ਪੈਦਾ ਹੋ ਗਿਆ ਹੈ। ਭਾਰਤ ਸਰਕਾਰ ਇਸ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਤਾਂ ਜੋ ਦੇਸ਼ ਦੀਆਂ ਊਰਜਾ ਲੋੜਾਂ ਪ੍ਰਭਾਵਿਤ ਨਾ ਹੋਣ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਦੱਸਿਆ ਕਿ ਪੱਛਮੀ ਏਸ਼ੀਆ ਵਿੱਚ ਰਹਿਣ ਵਾਲੇ ਲਗਭਗ ਇੱਕ ਕਰੋੜ ਭਾਰਤੀ ਪ੍ਰਵਾਸੀਆਂ ਦੀ ਸੁਰੱਖਿਆ ਅਤੇ ਭਲਾਈ ਸਰਕਾਰ ਦੀ ਸਰਵਉੱਚ ਤਰਜੀਹ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਖਾੜੀ ਖੇਤਰ ਵਿੱਚ ਇੱਕ ਵਪਾਰਕ ਜਹਾਜ਼ 'ਤੇ ਹੋਏ ਹਮਲੇ ਦੌਰਾਨ ਦੋ ਭਾਰਤੀਆਂ ਦੀ ਮੌਤ ਹੋ ਗਈ ਹੈ ਅਤੇ ਇੱਕ ਭਾਰਤੀ ਨਾਗਰਿਕ ਫਿਲਹਾਲ ਲਾਪਤਾ ਹੈ। ਜ਼ਖਮੀ ਹੋਏ ਹੋਰ ਭਾਰਤੀਆਂ ਦੀ ਭਾਰਤੀ ਦੂਤਾਵਾਸਾਂ ਵੱਲੋਂ ਦੇਖਭਾਲ ਕੀਤੀ ਜਾ ਰਹੀ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਅਰਬ ਅਮੀਰਾਤ (UAE), ਕਤਰ, ਸਾਊਦੀ ਅਰਬ, ਓਮਾਨ, ਬਹਿਰੀਨ, ਕੁਵੈਤ, ਜਾਰਡਨ ਅਤੇ ਇਜ਼ਰਾਈਲ ਸਮੇਤ ਖੇਤਰ ਦੇ ਕਈ ਪ੍ਰਮੁੱਖ ਨੇਤਾਵਾਂ ਨਾਲ ਸੰਪਰਕ ਸਾਧਿਆ ਹੈ। ਵਿਦੇਸ਼ ਮੰਤਰੀ ਜੈਸ਼ੰਕਰ ਵੀ ਆਪਣੇ ਹਮਰੁਤਬਾ ਮੰਤਰੀਆਂ ਨਾਲ ਨਿਯਮਿਤ ਤੌਰ 'ਤੇ ਤਾਲਮੇਲ ਬਣਾ ਰਹੇ ਹਨ ਤਾਂ ਜੋ ਖੇਤਰ ਵਿੱਚ ਸ਼ਾਂਤੀ ਅਤੇ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਦੂਜੇ ਪਾਸੇ, ਦੇਸ਼ ਅੰਦਰ ਤੇਲ ਅਤੇ ਗੈਸ ਦੀ ਸਪਲਾਈ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਸਰਕਾਰ 'ਤੇ ਸਵਾਲ ਚੁੱਕੇ ਜਾ ਰਹੇ ਹਨ। ਕਈ ਸ਼ਹਿਰਾਂ ਵਿੱਚ ਗੈਸ ਸਿਲੰਡਰਾਂ ਦੀ ਬੁਕਿੰਗ ਵਿੱਚ ਆ ਰਹੀਆਂ ਦਿੱਕਤਾਂ ਅਤੇ ਇੰਡੇਨ ਦੇ ਸਿਸਟਮ ਦੇ ਕਰੈਸ਼ ਹੋਣ ਕਾਰਨ ਲੋਕਾਂ ਵਿੱਚ ਭਾਰੀ ਪਰੇਸ਼ਾਨੀ ਦੇਖੀ ਜਾ ਰਹੀ ਹੈ।

## ਐੱਲ.ਪੀ.ਜੀ. ਦੀ ਕੋਈ ਕਮੀ ਨਹੀਂ, 4 ਲੱਖ ਤੋਂ ਵੱਧ ਸਿਲੰਡਰ ਸਟਾਕ 'ਚ ਮੌਜੂਦ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਗਾਂਧੀਨਗਰ 14 ਮਾਰਚ। ਪੱਛਮੀ ਏਸ਼ੀਆ 'ਚ ਚੱਲ ਰਹੇ ਤਣਾਅ ਦੇ ਵਿਚਕਾਰ ਗੁਜਰਾਤ ਸਰਕਾਰ ਨੇ ਸੂਬੇ ਵਿੱਚ ਐੱਲ.ਪੀ.ਜੀ. ਅਤੇ ਕੁਦਰਤੀ ਗੈਸ ਦੀ ਕਿੱਲਤ ਦੇ ਵਿਰੋਧੀ ਧਿਰ ਦੇ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਵਿਧਾਨ ਸਭਾ ਵਿੱਚ ਭਰੋਸਾ ਦਿੰਦਿਆਂ ਸਰਕਾਰ ਨੇ ਸਪੱਸ਼ਟ ਕੀਤਾ ਕਿ ਸੂਬੇ ਕੋਲ ਗੈਸ ਸਿਲੰਡਰਾਂ ਦਾ ਲੋੜੀਂਦਾ ਭੰਡਾਰ ਮੌਜੂਦ ਹੈ ਅਤੇ ਨਾਗਰਿਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਇਸ ਮੁੱਦੇ ਨੂੰ ਲੈ ਕੇ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਤੇ ਮੰਗ ਕੀਤੀ ਕਿ ਘਰੇਲੂ ਔਰਤਾਂ ਨੂੰ ਐੱਲ.ਪੀ.ਜੀ. ਸਿਲੰਡਰ 450 ਰੁਪਏ 'ਚ ਮੁਹੱਈਆ ਕਰਵਾਇਆ ਜਾਵੇ। ਸਦਨ 'ਚ ਮੁੱਦਾ ਉਠਾਉਂਦੇ ਹੋਏ ਕਾਂਗਰਸੀ ਵਿਧਾਇਕ ਸ਼ੈਲੇਸ਼ ਪਰਮਾਰ ਨੇ ਕਿਹਾ ਕਿ ਅਮਰੀਕਾ-ਇਜ਼ਰਾਈਲ-ਈਰਾਨ ਜੰਗ ਕਾਰਨ ਲੋਕਾਂ 'ਚ ਐੱਲ.ਪੀ.ਜੀ., ਪੀ.ਐੱਨ.ਜੀ. ਅਤੇ ਸੀ.ਐੱਨ.ਜੀ. ਦੀ ਉਪਲਬਧਤਾ ਨੂੰ ਲੈ ਕੇ ਚਿੰਤਾ ਪੈਦਾ ਹੋ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਗੈਸ ਏਜੰਸੀਆਂ ਦੇ ਬਾਹਰ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ। ਵਿਰੋਧੀ ਧਿਰ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਖੁਰਾਕ ਅਤੇ ਨਾਗਰਿਕ ਸਪਲਾਈ ਮੰਤਰੀ ਰਮਨਭਾਈ ਸੋਲੰਕੀ ਨੇ ਦੱਸਿਆ ਕਿ ਅੱਜ ਦੀ ਤਰੀਕ 'ਚ ਸੂਬੇ ਕੋਲ 4,16,504 ਐੱਲ.ਪੀ.ਜੀ. ਸਿਲੰਡਰਾਂ ਦਾ ਸਟਾਕ ਹੈ। ਉਨ੍ਹਾਂ ਕੰਪਨੀ ਵਾਰ ਵੇਰਵੇ ਦਿੰਦਿਆਂ ਦੱਸਿਆ ਕਿ ਇੰਡੀਅਨ ਆਇਲ ਕਾਰਪੋਰੇਸ਼ਨ 'ਚ 1,66,128 ਸਿਲੰਡਰ, ਭਾਰਤ ਪੈਟਰੋਲੀਅਮ ਦੇ 1,50,009 ਸਿਲੰਡਰ ਹਿੰਦੁਸਤਾਨ ਪੈਟਰੋਲੀਅਮ ਦੇ 1,00,367 ਸਿਲੰਡਰਾਂ ਦਾ ਸਟਾਕ ਮੌਜੂਦ ਹੈ। ਵਣ ਤੇ ਵਾਤਾਵਰਣ ਮੰਤਰੀ ਅਰਜੁਨ ਮੋਢਵਾਡੀਆ ਨੇ ਕਿਹਾ ਕਿ ਗੈਸ ਦੀ ਕਮੀ ਬਾਰੇ ਗਲਤ ਜਾਣਕਾਰੀ ਦੇਣ ਨਾਲ ਲੋਕਾਂ 'ਚ ਦਹਿਸ਼ਤ ਫੈਲ ਸਕਦੀ ਹੈ, ਜਿਸ ਕਾਰਨ ਏਜੰਸੀਆਂ ਦੇ ਬਾਹਰ ਬੇਲੋੜੀ ਭੀੜ ਲੱਗ ਸਕਦੀ ਹੈ। ਸਰਕਾਰ ਨੇ ਭਰੋਸਾ ਦਿੱਤਾ ਕਿ ਘਰਾਂ, ਹਸਪਤਾਲਾਂ ਅਤੇ ਹੋਰ ਸੰਸਥਾਵਾਂ ਨੂੰ ਗੈਸ ਦੀ ਸਪਲਾਈ ਨਿਰੰਤਰ ਜਾਰੀ ਰੱਖੀ ਜਾਵੇਗੀ। ਮੰਤਰੀ ਸੋਲੰਕੀ ਨੇ ਇਹ ਵੀ ਕਿਹਾ ਕਿ ਖਬਰਾਂ ਵਿੱਚ ਦਿਖਾਈਆਂ ਜਾ ਰਹੀਆਂ ਗੱਲਾਂ ਤੋਂ ਇਲਾਵਾ ਅਸਲ ਵਿੱਚ ਕਿਤੇ ਵੀ ਸਪਲਾਈ ਸਬੰਧੀ ਕੋਈ ਸ਼ਿਕਾਇਤ ਨਹੀਂ ਹੈ।





# ਮਾਮੂਲੀ ਤਕਰਾਰ ਨੇ ਧਾਰਿਆ ਖ਼ੂਨੀ ਰੂਪ, ਬਜ਼ੁਰਗ ਔਰਤ ਦੀ ਮੌਤ

ਤਰਨਤਾਰਨ 14 ਮਾਰਚ। ਤੂੜੀ ਨਾਲ ਫਸਲ ਖਰਾਬ ਹੋਣ ਦੇ ਦੌਰਾਨ ਦੋ ਧਿਰਾਂ ਵਿਚ ਵਿਵਾਦ ਛਿੜ ਗਿਆ, ਜਿਸ ਦੌਰਾਨ ਇਕ ਬਜ਼ੁਰਗ ਮਾਤਾ ਨੂੰ ਗੰਭੀਰ ਸੱਟਾਂ ਲਗਾਉਂਦੇ ਹੋਏ ਜ਼ਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਤੋਂ ਬਾਅਦ ਹਸਪਤਾਲ ਵਿਚ ਇਲਾਜ ਦੌਰਾਨ ਬਜ਼ੁਰਗ ਮਾਤਾ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਥਾਣਾ ਖਾਲੜਾ ਦੀ ਪੁਲਸ ਵੱਲੋਂ 4 ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦੇ ਅਨੁਸਾਰ ਸੁਖਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਵਾਂ ਤਾਰਾ ਸਿੰਘ ਵੱਲੋਂ ਆਪਣੀ ਤੂੜੀ ਕਿਸੇ ਵਿਅਕਤੀ ਨੂੰ ਵੇਚੀ ਗਈ ਸੀ, ਜਿਸ ਦੇ ਚੱਲਦਿਆਂ ਬੀਤੀ 13 ਸਤੰਬਰ ਨੂੰ ਸਬੰਧਤ ਵਿਅਕਤੀ ਜਦੋਂ ਤੂੜੀ ਟਰੱਕ ਵਿਚ ਲੱਦ ਰਹੇ ਸਨ ਤਾਂ ਤੂੜੀ ਉੱਡ ਕੇ ਹਰਪਾਲ ਸਿੰਘ ਪੁੱਤਰ ਬਲਕਾਰ ਸਿੰਘ ਦੇ ਖੇਤਾਂ ਵਿਚ ਪੈ ਰਹੀ ਸੀ, ਜਿਸ ਦਾ ਉਸ ਵੱਲੋਂ ਫਸਲ ਖਰਾਬ ਹੋਣ ਦਾ ਹਵਾਲਾ ਦਿੰਦੇ ਹੋਏ ਵਿਰੋਧ ਕੀਤਾ ਗਿਆ। ਇਸ ਗੱਲ ਨੂੰ ਲੈ ਕੇ ਸੁਖਵਿੰਦਰ ਸਿੰਘ ਅਤੇ ਉਸਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨਾਲ ਝਗੜਾ ਕੀਤਾ ਗਿਆ। ਇਸ ਸਬੰਧੀ ਹੋਏ ਤਕਰਾਰ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵੀ ਵਾਇਰਲ ਹੋ ਗਈ। ਅਗਲੇ ਦਿਨ 14 ਸਤੰਬਰ ਦੀ ਸਵੇਰ ਕਰੀਬ 6.30 ਵਜੇ ਜਦੋਂ ਉਸਦੀ ਮਾਤਾ ਬਲਵਿੰਦਰ ਕੌਰ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਜਾ ਰਹੇ ਸਨ ਤਾਂ ਰਸਤੇ ਵਿਚ ਸੁਖਵਿੰਦਰ ਸਿੰਘ ਅਤੇ ਇਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਮਾਰਕੁੱਟ ਕਰਦੇ ਹੋਏ ਮਾਤਾ ਨੂੰ ਜ਼ਖਮੀ ਕਰ ਦਿੱਤਾ ਗਿਆ, ਜਿਨ੍ਹਾਂ ਨੂੰ ਤੁਰੰਤ ਸਰਕਾਰੀ ਹਸਪਤਾਲ ਪੱਟੀ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਹਰਪਾਲ ਸਿੰਘ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸੁਖਵਿੰਦਰ ਸਿੰਘ ਦੇ ਪਰਿਵਾਰਕ ਮੈਂਬਰ ਸਰਕਾਰ ਵਿਚ ਵੱਡੀ ਪਹੁੰਚ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ



ਧਮਕੀਆਂ ਦੇ ਰਹੇ ਸਨ। ਜਿਸ ਦੇ ਚੱਲਦਿਆਂ ਉਹ ਜ਼ਿਲੇ ਦੇ ਐੱਸ.ਐੱਸ.ਪੀ ਪਾਸੋਂ ਇਨਸਾਫ ਦੀ ਗੁਹਾਰ ਲਗਾਉਂਦੇ ਹੋਏ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਅਤੇ ਗ੍ਰਿਫਤਾਰੀ ਦੀ ਮੰਗ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਖਾਲੜਾ ਦੇ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਹਰਪਾਲ ਸਿੰਘ ਦੇ ਬਿਆਨਾਂ ਹੇਠ ਸੁਖਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ, ਮਨਜੀਤ ਕੌਰ ਪਤਨੀ ਬਲਵੀਰ ਸਿੰਘ, ਸਾਜਨ ਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਅਤੇ ਨਵਪ੍ਰੀਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਵਾਸੀਆਨ ਪਿੰਡ ਵਾਂ ਤਾਰਾ ਸਿੰਘ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਹਥਿਆਰਬੰਦ ਨੌਜਵਾਨਾਂ ਨੇ ਦੁਕਾਨਦਾਰ ਤੋਂ ਮੋਬਾਈਲ ਤੇ ਨਕਦੀ ਖੋਹੀ

ਤਰਨਤਾਰਨ 14 ਮਾਰਚ। ਸਥਾਨਕ ਮੁਹੱਲਾ ਮੁਰਾਦਪੁਰ ਵਿਖੇ ਬੀਤੀ ਸ਼ਾਮ ਮੋਟਰ ਸਾਈਕਲ ਸਵਾਰ ਹਥਿਆਰਬੰਦ ਨੌਜਵਾਨਾਂ ਵੱਲੋਂ ਇਕ ਦੁਕਾਨ ਵਿਚ ਦਾਖ਼ਲ ਹੋ ਕੇ ਦੁਕਾਨਦਾਰ ਦਾ ਮੋਬਾਈਲ ਅਤੇ ਦੋ ਹਜ਼ਾਰ ਦੀ ਨਕਦੀ ਖੋਹ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਅਣਪਛਾਤੇ ਮੁਲਜ਼ਮਾਂ ਦੇ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ 'ਚ ਮੁਕੇਸ਼ ਕੁਮਾਰ ਪੁੱਤਰ ਲਹੌਰੀ ਰਾਮ ਵਾਸੀ ਰਾਮਦੇਵ ਕਾਲੋਨੀ ਮੁਰਾਦਪੁਰ ਨੇ ਦੱਸਿਆ ਕਿ ਬੀਤੀ ਸ਼ਾਮ ਉਹ ਆਪਣੀ ਦੁਕਾਨ 'ਤੇ ਮੌਜੂਦ ਸੀ ਤਾਂ ਵਕਤ ਕਰੀਬ 6 ਵਜੇ ਸ਼ਾਮ ਨਕਦੀ ਖੋਹ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਅਣਪਛਾਤੇ ਤਿੰਨ ਮੋਟਰ ਸਾਈਕਲਾਂ 'ਤੇ ਸਵਾਰ ਹੋ ਕੇ 6 ਅਣਪਛਾਤੇ ਨੌਜਵਾਨ ਹਥਿਆਰਾਂ ਨਾਲ ਲੈੱਸ ਹੋ ਕੇ ਉਸ ਦੀ ਦੁਕਾਨ 'ਚ ਆਏ ਅਤੇ ਕਿਰਪਾਨਾਂ ਤੇ ਦਾਤਰ ਦਾ ਡਰਾਵਾ ਦੇ ਕੇ ਉਸ ਦਾ ਮੋਬਾਈਲ ਖੋਹ ਲਿਆ ਅਤੇ ਦੁਕਾਨ 'ਚ ਪਏ ਕਾਊਂਟਰ ਦੇ ਗੱਲੇ 'ਚੋਂ 2 ਹਜ਼ਾਰ ਰੁਪਏ ਦੀ ਨਕਦੀ ਕੱਢ ਕੇ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਓਧਰ ਏ.ਐੱਸ.ਆਈ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅਣਪਛਾਤੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਕੋਲੇ ਨਾਲ ਲੱਦੀ ਮਾਲ ਗੱਡੀ ਦੇ 6 ਡੱਬੇ ਪਟਰੀ ਤੋਂ ਉਤਰੇ, ਕਈ ਟਰੇਨਾਂ ਦਾ ਰੂਟ ਬਦਲਿਆ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 14 ਮਾਰਚ। ਮੱਧ ਪ੍ਰਦੇਸ਼ ਦੇ ਕਟਨੀ ਜ਼ਿਲ੍ਹੇ ਵਿੱਚ ਸ਼ਨੀਵਾਰ ਸਵੇਰੇ ਇੱਕ ਵੱਡਾ ਰੇਲ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਕੋਲੇ ਨਾਲ ਲੱਦੀ ਮਾਲ ਗੱਡੀ ਦੇ ਛੇ ਡੱਬੇ ਪਟਰੀ ਤੋਂ ਉਤਰ ਗਏ, ਜਿਸ ਕਾਰਨ ਵਿਅਸਤ ਰੇਲ ਮਾਰਗ 'ਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਹਾਦਸੇ ਕਾਰਨ ਰੇਲਵੇ ਪ੍ਰਸ਼ਾਸਨ ਨੂੰ ਕਈ ਯਾਤਰੀ ਰੇਲਗੱਡੀਆਂ ਦਾ ਰੂਟ ਬਦਲਣਾ ਪਿਆ ਹੈ। ਪੱਛਮੀ ਮੱਧ ਰੇਲਵੇ ਦੇ ਅਧਿਕਾਰੀਆਂ ਅਨੁਸਾਰ, ਇਹ ਹਾਦਸਾ ਸਵੇਰੇ ਕਰੀਬ ਸਾਢੇ 10 ਵਜੇ ਨਿਊ ਕਟਨੀ ਜੰਕਸ਼ਨ ਸੈਕਸ਼ਨ ਵਿੱਚ 'ਏ ਕੇਬਿਨ' ਦੇ ਨੇੜੇ ਵਾਪਰਿਆ। ਕਟਨੀ ਖੇਤਰ ਦੇ ਮੈਨੇਜਰ ਰੋਹਿਤ ਸਿੰਘ ਨੇ ਦੱਸਿਆ ਕਿ ਕੋਲੇ ਨਾਲ ਲੱਦੀ ਇਹ ਮਾਲ ਗੱਡੀ ਛੱਤੀਸਗੜ੍ਹ ਦੇ ਬਿਲਾਸਪੁਰ ਤੋਂ ਪੱਛਮੀ ਬੜੌਦਾ ਵੱਲ ਜਾ ਰਹੀ ਸੀ, ਜਦੋਂ ਇਸ ਦੇ ਛੇ ਡੱਬੇ ਪਟਰੀ ਤੋਂ ਉਤਰ ਗਏ। ਇਸ ਹਾਦਸੇ ਕਾਰਨ ਬਿਲਾਸਪੁਰ ਨਾਲ ਜੁੜੇ ਰੇਲ ਮਾਰਗਾਂ 'ਤੇ ਸੰਚਾਲਨ ਪ੍ਰਭਾਵਿਤ ਹੋਇਆ ਹੈ। ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ: ਪੱਛਮੀ ਮੱਧ ਰੇਲਵੇ ਦੇ ਮੁੱਖ ਜਨ ਸੰਪਰਕ ਅਧਿਕਾਰੀ ਹਰਸ਼ਿਤ ਸ਼੍ਰੀਵਾਸਤਵ ਨੇ ਦੱਸਿਆ ਕਿ ਰੇਲ ਲਾਈਨ ਨੂੰ ਬਹਾਲ ਕਰਨ ਦਾ ਕੰਮ ਯੁੱਧ ਪੱਧਰ 'ਤੇ ਜਾਰੀ ਹੈ। ਜਬਲਪੁਰ ਤੋਂ ਇੱਕ ਵਿਸ਼ੇਸ਼ ਟੀਮ ਮੌਕੇ 'ਤੇ ਪਹੁੰਚ ਕੇ ਮੁਰੰਮਤ ਦੇ ਕੰਮ ਦੀ ਨਿਗਰਾਨੀ ਕਰ ਰਹੀ ਹੈ ਤਾਂ ਜੋ ਰੇਲ ਆਵਾਜਾਈ ਨੂੰ ਜਲਦੀ ਤੋਂ ਜਲਦੀ ਸੁਚਾਰੂ ਬਣਾਇਆ ਜਾ ਸਕੇ। ਹਾਦਸੇ ਦੀ ਸੂਚਨਾ ਮਿਲਦੇ ਹੀ ਰੇਲਵੇ ਦੇ ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਮੌਕੇ 'ਤੇ ਪਹੁੰਚ ਗਏ ਸਨ ਅਤੇ ਸਥਿਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

## ਨਸ਼ੇ ਨੂੰ ਲੈ ਕੇ ਹੋਇਆ ਪਿਓ-ਪੁੱਤ ਦਾ ਝਗੜਾ, ਕੁੱਟ-ਕੁੱਟ ਕਰ 'ਤਾ ਕਤਲ

ਲਖਨਊ 14 ਮਾਰਚ। ਰਾਜਧਾਨੀ ਲਖਨਊ ਦੇ ਮੋਹਨ ਲਾਲਗੰਜ ਇਲਾਕੇ 'ਚ ਇਕ ਨਾਬਾਲਗ ਪੁੱਤਰ ਨੇ ਨਸ਼ਾ ਕਰਨ ਨੂੰ ਲੈ ਕੇ ਹੋਏ ਝਗੜੇ ਦੌਰਾਨ ਆਪਣੇ ਪਿਤਾ ਦੀ ਸੋਟੀ ਨਾਲ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਅਨੁਸਾਰ ਖੁਜੇਹਟਾ ਪਿੰਡ ਦੇ ਮੁਖੀ ਸ਼ੰਕਰ ਯਾਦਵ ਨੇ ਮੋਹਨ ਲਾਲਗੰਜ ਪੁਲਸ ਥਾਣੇ 'ਚ ਰਿਪੋਰਟ ਲਿਖਵਾਈ ਕਿ ਪਿੰਡ ਦੇ ਰਹਿਣ ਵਾਲੇ ਲਵ ਕੁਸ਼ (17) ਨੇ ਆਪਣੇ ਪਿਤਾ ਰਾਮਕਰਨ ਰਾਵਤ (45) ਦੀ ਹੱਤਿਆ ਕਰ ਦਿੱਤੀ ਹੈ। ਇਸ ਘਟਨਾ ਦੀ ਜਦੋਂ ਪੁਲਸ ਨੂੰ ਸੂਚਨਾ ਮਿਲੀ ਤਾਂ ਪੁਲਸ ਮੌਕੇ 'ਤੇ ਪਹੁੰਚੀ। ਉਸ ਨੇ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਕਬਜ਼ੇ 'ਚ ਲਿਆ ਅਤੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣੇ ਦੇ ਇੰਚਾਰਜ ਬ੍ਰਿਜੇਸ਼ ਕੁਮਾਰ ਤ੍ਰਿਪਾਠੀ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਅਨੁਸਾਰ ਰਾਮਕਰਨ ਨਸ਼ੇ ਦਾ ਆਦੀ ਸੀ। ਉਹ ਨਸ਼ੀਲੇ ਪਦਾਰਥ ਖਰੀਦਣ ਲਈ ਘਰ 'ਚ ਰੱਖੀ ਕਣਕ ਤੇ ਹੋਰ ਅਨਾਜ ਵੇਚ ਦਿੰਦਾ ਸੀ, ਜਿਸ ਕਾਰਨ ਘਰ 'ਚ ਅਨਾਜ ਦੀ ਕਮੀ ਹੋ ਗਈ।

## ਬੀਮਾਰ ਸਹੁਰੇ ਦਾ ਹਾਲ-ਚਾਲ ਪੁੱਛਣ ਆਏ ਜਵਾਈ ਦੀ ਕੀਤੀ ਕੁੱਟਮਾਰ

ਫਿਰੋਜ਼ਪੁਰ 14 ਮਾਰਚ। ਆਪਣੇ ਬੀਮਾਰ ਸਹੁਰੇ ਦਾ ਹਾਲ-ਚਾਲ ਪੁੱਛਣ ਆਏ ਜਵਾਈ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਸਦਰ ਫਿਰੋਜ਼ਪੁਰ ਦੀ ਪੁਲਸ ਨੇ 6 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਫਿਰੋਜ਼ਪੁਰ 'ਚ ਪੁਲਸ ਨੂੰ ਦਿੱਤੇ ਬਿਆਨ 'ਚ ਸ਼ਿਕਾਇਤਕਰਤਾ ਰਣਜੀਤ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਸੂਰ ਸਿੰਘ ਵਾਲਾ ਨੇ ਦੋਸ਼ ਲਾਇਆ ਕਿ ਉਹ ਆਪਣੇ ਪਰਿਵਾਰ ਨਾਲ ਪਿੰਡ ਰੋਡੇ ਵਾਲਾ 'ਚ ਆਪਣੇ




ਬੀਮਾਰ ਸਹੁਰੇ ਦੀ ਸਿਹਤ ਦਾ ਹਾਲ-ਚਾਲ ਪੁੱਛਣ ਆਇਆ ਸੀ। ਜਦੋਂ ਉਹ ਆਪਣੇ ਸਹੁਰੇ ਘਰ ਗਿਆ ਤਾਂ ਉਸ ਨੇ ਦੇਖਿਆ ਕਿ ਉਸ ਦੇ ਸਹੁਰੇ ਦੇ ਸੱਟ ਲੱਗੀ ਹੋਈ ਸੀ ਅਤੇ ਸ਼ਿਕਾਇਤਕਰਤਾ ਨੇ ਜਦ ਪੁੱਛਿਆ ਕਿ ਉਸ ਦੇ ਸਹੁਰੇ ਦੇ ਸੱਟ ਕਿਵੇਂ ਲੱਗੀ ਹੈ ਤਾਂ ਤਰਸੇਮ ਸਿੰਘ, ਹਰਪ੍ਰੀਤ ਸਿੰਘ ਉਰਫ ਹੈਪੀ, ਮਨਜੀਤ ਕੌਰ, ਗੁਰਮੇਜ ਸਿੰਘ ਵਾਸੀ ਬਾਰੇ ਕੇ, ਗੁਰਮੀਤ ਸਿੰਘ ਵਾਸੀ ਪੀਰੂ ਵਾਲਾ ਅਤੇ ਇਕ ਅਣਪਛਾਤੇ ਵਿਅਕਤੀ ਨੇ ਗੁੱਸੇ 'ਚ ਆ ਕੇ ਸ਼ਿਕਾਇਤਕਰਤਾ 'ਤੇ ਆਪਣੇ ਹਥਿਆਰ ਨਾਲ ਮਾਰ ਦੇਣ ਦੀ ਨੀਅਤ 'ਤੇ ਉਸ ਤੇ ਹਮਲਾ ਕਰ ਦਿੱਤਾ ਅਤੇ ਉਸ ਦੀ ਕੁੱਟਮਾਰ ਕੀਤੀ ਅਤੇ ਲੋਕਾਂ ਨੂੰ ਇਕੱਠਾ ਹੁੰਦੇ ਦੇਖ ਕੇ ਉਹ ਆਪਣੇ ਹਥਿਆਰਾਂ ਸਮੇਤ ਉਥੋਂ ਭੱਜ ਗਏ। ਏ. ਐੱਸ. ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਨਾਮਜ਼ਦ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਈਵੀਐਮ ਵੋਟ ਪੱਤਰਾਂ ਨੂੰ ਵੱਧ ਪੜਨਯੋਗ ਬਨਾਉਣ ਲਈ ਚੋਣ ਕਮਿਸ਼ਨ ਨੇ ਦਿਸ਼ਾ-ਨਿਰਦੇਸ਼ਾਂ ਵਿੱਚ ਕੀਤਾ ਸੋਧ - ਏ. ਸ਼ਰੀਨਿਵਾਸ

ਚੰਡੀਗੜ੍ਹ, 14 ਮਾਰਚ। ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਏ ਸ਼?ਰੀਨਿਵਾਸ ਨੇ ਦਸਿਆ ਕਿ ਭਾਰਤ ਚੋਣ ਕਮਿਸ਼ਨ (ਈਸੀਆਈ) ਨੇ ਈਵੀਐਮ ਵੋਟ ਪੱਤਰਾਂ ਦੀ ਸਪਸ਼ਟਤਾ ਅਤੇ ਪੜਨਯੋਗਤਾ ਨੂੰ ਵਧਾਉਣ ਲਈ ਚੋਣ ਸੰਚਾਲਨ ਨਿਯਮ, 1961 ਦੇ ਨਿਯਮ 49ਵੀਂ ਤਹਿਤ ਈਵੀਐਮ ਵੋਟ ਪੱਤਰਾਂ ਦੇ ਡਿਜਾਇਨ ਅਤੇ ਪ੍ਰਿੰਟਿੰਗ ਤਹਿਤ ਮੌਜੂਦਾ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਕੀਤਾ ਹੈ। ਉਨ੍ਹਾਂ ਨੇ ਦਸਿਆ ਕਿ ਇਹ ਪਹਿਲ ਚੋਣ ਪ੍ਰਕ੍ਰਿਆਵਾਂ ਨੂੰ ਸਹੀ ਢੰਗ ਅਤੇ ਬਿਹਤਰ ਬਨਾਉਣ ਅਤੇ ਵੋਟਰਾਂ ਦੀ ਸਹੂਲਤ ਵਧਾਉਣ ਲਈ ਪਿਛਲੇ 6 ਮਹੀਨਿਆਂ ਵਿੱਚ ਈਸੀਆਈ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ 28 ਪਹਿਲਾਂ ਦੇ ਅਨੁਰੂਪ ਹੈ। ਹੁਣ ਤੋਂ, ਈਵੀਐਮ ਵੋਟ ਪੱਤਰ 'ਤੇ ਉਮੀਦਵਾਰਾਂ ਦੀ ਤਸਵੀਰ ਰੰਗੀਨ ਛਪੀ ਹੋਵੇਗੀ ਅਤੇ ਬਿਹਤਰ ਵਿਜੀਬਿਲਿਟੀ ਲਹੀ ਉਮੀਦਵਾਰ ਦਾ ਚਿਹਰਾ ਫੋਟੋ ਦੇ ਤਿੰਨ-ਚੌਥਾਈ ਹਿੱਸੇ 'ਤੇ ਹੋਵੇਗਾ। ਸ੍ਰੀ ਏ. ਸ਼?ਰੀਨਿਵਾਸ ਨੇ ਦਸਿਆ ਕਿ ਉਮੀਦਵਾਰਾਂ/ਨੋਟਾ ਦੇ ਕ੍ਰਮ ਭਾਰਤੀ ਨੰਬਰਾਂ ਦੇ ਕੌਮਾਂਤਰੀ ਰੂਪ ਵਿੱਚ ਪ੍ਰਿੰਟ ਕੀਤੇ ਜਾਣਗੇ ਅਤੇ ਸਪਸ਼ਟਾ ਲਈ ਫਾਂਟ ਦਾ ਆਕਾਰ 30 ਹੋਵੇਗਾ ਅਤੇ ਬੋਲਡ ਵਿੱਚ ਹੋਵੇਗਾ। ਇਕਰੂਪਤਾ ਯਕੀਨੀ ਕਰਨ ਲਈ, ਸਾਰੇ ਉਮੀਦਵਾਰਾਂ/ਨੋਟਾ ਦੇ ਨਾਮ ਇੱਕ ਹੀ ਫਾਂਟ ਤਰ੍ਹਾ ਅਤੇ ਫਾਂਨ ਆਕਾਰ ਵਿੱਚ ਪ੍ਰਿੰਟ ਕੀਤੇ ਜਾਣਗੇ ਤਾਂ ਜੋ ਆਸਾਨੀ ਨਾਲ ਪੜ੍ਹਿਆ ਜਾ ਸਕੇ। ਉਨ੍ਹਾਂ ਨੇ ਦਸਿਆ ਕਿ ਈਵੀਐਮ ਵੋਟਪੱਤਰ 70 ਜੀਐਸਐਮ ਕਾਗਜ਼ 'ਤੇ ਪਿ?ਰੰਟ ਕੀਤੇ ਜਾਣਗੇ। ਵਿਧਾਨਸਭਾ ਚੋਣ ਲਹੀ, ਨਿਰਦੇਸ਼ ਆਰਜੀਬੀ ਮਾਨ ਵਾਲੇ ਗੁਲਾਬੀ ਰੰਗ ਦੇ ਕਾਗਜ਼ ਦੀ ਵਰਤੋ ਕੀਤੀ ਜਾਵੇਗੀ। ਅਗਾਮੀ ਚੋਣ ਵਿੱਚ ਉਕਤ ਈਵੀਐਮ ਵੋਟਪੱਤਰਾਂ ਦੀ ਵਰਤੋ ਕੀਤੀ ਜਾਵੇਗੀ, ਜਿਸ ਦੀ ਸ਼ੁਰੂਆਤ ਬਿਹਾਰ ਤੋਂ ਹੋਵੇਗੀ।

# ਡੇਰਾ ਬਾਬਾ ਇੰਦਰ ਦਾਸ ਨੇੜੇ ਵਾਪਰਿਆ ਭਿਆਨਕ ਹਾਦਸਾ ! ਦਵਾਈ ਲੈਣ ਜਾ ਰਹੇ ਵਿਅਕਤੀ ਦੀ ਮੌਤ

**ਕੌਮੀ ਪਤ੍ਰਿਕਾ**

ਤਪਾ ਮੰਡੀ 14 ਮਾਰਚ। ਬਰਨਾਲਾ ਬਠਿੰਡਾ ਮੁੱਖ ਮਾਰਗ 'ਤੇ ਸਥਿਤ ਡੇਰਾ ਬਾਬਾ ਇੰਦਰਦਾਸ ਨੇੜੇ ਬੀਤੀ ਰਾਤ ਇਕ ਦਰਦਨਾਕ ਸੜਕ ਹਾਦਸਾ ਵਾਪਰਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਅਣਪਛਾਤੇ ਵਾਹਨ ਨੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੂੰ ਜ਼ੋਰਦਾਰ ਟੱਕਰ ਮਾਰੀ, ਜਿਸ ਕਾਰਨ ਇੱਕ ਮਜ਼ਦੂਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੂਜਾ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ,ਜਿਸ ਨੂੰ ਏਮਜ ਹਸਪਤਾਲ ਬਠਿੰਡਾ ਦਾਖਲ ਕਰਵਾਇਆ ਗਿਆ। ਇਸ ਸਬੰਧੀ ਮ੍ਰਿਤਕ ਦੇ ਛੋਟੇ ਭਰਾ ਬੱਬੀ ਸਿੰਘ ਨੇ ਦੱਸਿਆ ਕਿ ਗੁਰਮੀਤ ਸਿੰਘ ਪੁੱਤਰ ਆਤਮਾ ਸਿੰਘ ਆਪਣੇ ਸਾਥੀ ਹਾਕਮ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਢਿਲਵਾਂ ਨਾਲ ਮੋਟਰਸਾਈਕਲ 'ਤੇ ਸਵਾਰ ਹੋਕੇ ਰਾਮਪੁਰਾ ਤੋਂ ਦਵਾਈ ਲੈਣ ਲਈ ਜਾ ਰਹੇ ਸੀ ਜਾ ਰਹੇ ਸਨ,ਜਦ ਉਹ ਬਾਬਾ ਇੰਦਰਦਾਸ ਡੇਰੇ ਨੇੜੇ ਪੁੱਜੇ ਤਾਂ ਕਿ ਅਚਾਨਕ ਇਕ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ



ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਦੋਵੇਂ ਸਵਾਰ ਸੜਕ 'ਤੇ ਦੂਰ ਤੱਕ ਜਾ ਡਿੱਗੇ ,ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਗੁਰਮੀਤ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਸਾਥੀ ਹਾਕਮ ਸਿੰਘ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਜਿਸ ਨੂੰ ਮਿੰਨੀ ਸਹਾਰਾ ਕਲੱਬ ਦੀ ਐਂਬੂਲੈਂਸ਼ ਰਾਹੀਂ ਸਿਵਲ ਹਸਪਤਾਲ ਤਪਾ ਦਾਖਲ ਕਰਵਾਇਆ ਪਰ ਹਾਲਤ ਗੰਭੀਰ ਦੇਖਦਿਆਂ ਏਮਜ ਹਸਪਤਾਲ ਬਠਿੰਡਾ ਰੈਫਰ ਕਰ ਦਿੱਤਾ। ਇਸ ਹਾਦਸੇ 'ਚ ਮੋਟਰਸਾਈਕਲ ਪੂਰੀ ਤਰ੍ਹਾਂ ਨਾਲ ਨੁਕਸਾਨੀ ਹੋ ਗਿਆ। ਹਾਦਸੇ ਤੋਂ ਬਾਅਦ ਦੋਸ਼ੀ ਵਾਹਨ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਬੰਤ ਸਿੰਘ ਅਤੇ ਪੁਲਸ ਚੌਂਕੀ ਤਪਾ ਤੋਂ ਥਾਣੇਦਾਰ ਸਤਿਗੁਰ ਸਿੰਘ ਅਤੇ ਕਾਂਸਟੇਬਲ ਗੁਰਮੇਲ ਸਿੰਘ ਨੇ ਘਟਨਾ ਥਾਂ ਤੇ ਪਹੁੰਚਕੇ ਮਿ?ਰਤਕ ਗੁਰਮੀਤ ਸਿੰਘ ਦੀ ਲਾਸ਼ ਨੂੰ ਕਬਜੇ 'ਚ ਲੈਕੇ ਮਿੰਨੀ ਸਹਾਰਾ ਕਲੱਬ ਦੀ ਐਂਬੂਲੈਂਸ਼ ਰਾਹੀਂ ਮੋਰਚਰੀ ਰੂਮ ਬਰਨਾਲਾ ਵਿਖੇ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ ਅਤੇ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦਰਦਨਾਕ ਹਾਦਸੇ ਦੀ ਖ਼ਬਰ ਮਿਲਦਿਆਂ ਹੀ ਮ੍ਰਿਤਕ ਦੇ ਪਰਿਵਾਰਕ ਮੈਂਬਰ ਵੀ ਮੌਕੇ 'ਤੇ ਪਹੁੰਚ ਗਏ, ਜਿੱਥੇ ਮਾਹੌਲ ਗਮਗੀਨ ਬਣ ਗਿਆ।

## ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਟੱਕਰ 'ਚ ਸਾਬਕਾ ਸਰਪੰਚ ਸਮੇਤ 2 ਦੀ ਮੌਤ

ਮਾਨਸਾ 14 ਮਾਰਚ। ਮਾਨਸਾ ਜ਼ਿਲ੍ਹੇ ਦੇ ਪਿੰਡ ਖਿਆਲਾ ਕਲਾਂ 'ਚ ਸੜਕ ਹਾਦਸੇ ਦੌਰਾਨ ਇਕ ਸਾਬਕਾ ਸਰਪੰਚ ਸਮੇਤ 2 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਦੋ ਮੋਟਰਸਾਈਕਲ ਇਕ ਬੱਸ ਨੂੰ ਓਵਰਟੇਕ ਕਰਦੇ ਸਮੇਂ ਟਕਰਾ ਗਏ। ਠੂਠਿਆਵਾਲੀ ਚੌਂਕੀ ਪੁਲਸ ਨੇ ਦੋਹਾਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਲਿਆ ਅਤੇ ਸਿਲ ਹਸਪਤਾਲ ਲਿਜਾਣ ਤੋਂ ਬਾਅਦ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਕੁਲਦੀਪ ਸਿੰਘ (26) ਤੇ ਸਾਬਕਾ ਸਰਪੰਚ ਬਿੱਕਰ ਸਿੰਘ (75) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਅਨੁਸਾਰ ਕੁਲਦੀਪ ਸਿੰਘ ਮਾਨਸਾ ਤੋਂ ਆਪਣੇ ਪਿੰਡ ਭੂਪਾਲ ਜਾ ਰਿਹਾ ਸੀ। ਪਿੰਡ ਖਿਆਲਾ ਨੇੜੇ ਬੱਸ ਨੂੰ ਓਵਰਟੇਕ ਕਰਦੇ ਸਮੇਂ ਉਸ ਦਾ ਮੋਟਰਸਾਈਕਲ ਸਾਬਕਾ ਸਰਪੰਚ ਬਿੱਕਰ ਸਿੰਘ ਦੇ ਮੋਟਰਸਾਈਕਲ ਨਾਲ ਟਕਰਾ ਗਿਆ, ਜੋ ਕਿ ਆਪਣੇ ਘਰੋਂ ਬਾਹਰ ਆ ਰਿਹਾ ਸੀ। ਇਸ ਟੱਕਰ ਦੌਰਾਨ ਦੋਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਸਟੇਸ਼ਨ ਇੰਚਾਰਜ ਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੋਹਾਂ ਪਰਿਵਾਰਾਂ ਦੇ ਬਿਆਨ ਦਰਜ ਕਰ ਲਏ ਹਨ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਕੈਨੇਡਾ ਦਾ ਟੂਰਿਸਟ ਵੀਜ਼ਾ ਲਗਵਾਉਣ ਦੇ ਨਾਂ 'ਤੇ ਮਾਰੀ 1.40 ਲੱਖ ਦੀ ਠੱਗੀ

ਲੁਧਿਆਣਾ 14 ਮਾਰਚ। ਥਾਣਾ ਡਵੀਜ਼ਨ ਨੰਬਰ 8 ਦੀ ਪੁਲਸ ਨੇ ਇਕ ਮੁਲਜ਼ਮ ਖਿਲਾਫ ਮਾਮਲਾ ਦਰਜ ਕੀਤਾ ਹੈ, ਜਿਸ ਨੇ ਸ਼ਿਕਾਇਤਕਰਤਾ ਅਤੇ ਉਸ ਦੀ ਪਤਨੀ ਨੂੰ ਕੈਨੇਡਾ ਦਾ ਟੂਰਿਸਟ ਵੀਜ਼ਾ ਲਗਵਾਉਣ ਦਾ ਝਾਂਸਾ ਦੇ ਕੇ 1,40,000 ਰੁਪਏ ਦੀ ਠੱਗੀ ਮਾਰੀ। ਸ਼ਿਕਾਇਤਕਰਤਾ ਗਗਨਦੀਪ ਅਰੋੜਾ ਵਾਸੀ ਦੁਰਗਾਪੁਰੀ ਹੈਬੋਵਾਲ ਨੇ ਪੁਲਸ ਸ਼ਿਕਾਇਤ 'ਚ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਕੈਨੇਡਾ ਘੁੰਮਣ ਜਾਣਾ ਚਾਹੁੰਦੇ ਸਨ। ਇਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਮੁਲਜ਼ਮ ਨਾਲ ਹੋਈ। ਮੁਲਜ਼ਮ ਨੇ ਖੁਦ ਨੂੰ ਮੈਨੇਜਿੰਗ ਡਾਇਰੈਕਟਰ ਐੱਮ. ਐੱਸ. ਸਟਾਫਿੰਗ ਇੰਟਰਨੈਸ਼ਨਲ (ਸੈਕਟਰ-34-ਏ ਚੰਡੀਗੜ੍ਹ) ਦਾ ਅਧਿਕਾਰੀ ਦੱਸਦੇ ਹੋਏ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਲਈ ਕੈਨੇਡਾ ਟੂਰਿਸਟ ਵੀਜ਼ਾ ਲਵਾ ਦੇਵੇਗਾ। ਮੁਲਜ਼ਮ ਗਗਨ ਖਹਿਰਾ ਨੇ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਦੇ ਨਾਂ 'ਤੇ 1,40,000 ਰੁਪਏ ਲਏ ਪਰ ਨਾ ਤਾਂ ਵੀਜ਼ਾ ਲਗਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਜਦੋਂ ਸ਼ਿਕਾਇਤਕਰਤਾ ਨੇ ਪੈਸੇ ਵਾਪਸ ਮੰਗੇ ਤਾਂ ਮੁਲਜ਼ਮ ਨੇ ਟਾਲ-ਮਟੋਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਾਅਦ 'ਚ ਧਮਕੀਆਂ ਵੀ ਦਿੱਤੀਆਂ। ਸ਼ਿਕਾਇਤ ਮਿਲਣ 'ਤੇ ਥਾਣਾ ਡਵੀਜ਼ਨ ਨੰਬਰ 8 ਦੀ ਪੁਲਸ ਨੇ ਜਾਂਚ ਤੋਂ ਬਾਅਦ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਕਿਹਾ ਕਿ ਫ਼ਰਾਰ ਮੁਲਜ਼ਮ ਦੀ ਭਾਲ ਵਿੱਚ ਛਾਪੇਮਾਰੀ ਜਾਰੀ ਹੈ ਅਤੇ ਉਸ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਲੁਧਿਆਣਾ-ਬਰਨਾਲਾ ਹਾਈਵੇਅ 'ਤੇ ਵਾਪਰਿਆ ਦਰਦਨਾਕ ਹਾਦਸਾ ! ਜੀਜੇ-ਸਾਲੇ ਦੀ ਹੋਈ ਮੌਤ

ਮਹਿਲ ਕਲਾਂ 14 ਮਾਰਚ। ਬੀਤੀ ਰਾਤ ਲੁਧਿਆਣਾ-ਬਰਨਾਲਾ ਮੁੱਖ ਮਾਰਗ 'ਤੇ ਪਿੰਡ ਨਿਹਾਲੂਵਾਲ ਅਤੇ ਗੰਗੋਹਰ ਦੇ ਦਰਮਿਆਨ ਵਾਪਰੇ ਸੜਕ ਹਾਦਸੇ 'ਚ ਜੀਜੇ-ਸਾਲੇ ਦੀ ਮੌਤ ਹੋ ਗਈ, ਜਦਕਿ ਇਕ ਵਿਅਕਤੀ ਜ਼ਖਮੀ ਹੋ ਗਿਆ। ਜਾਣਕਾਰੀ ਦਿੰਦਿਆਂ ਥਾਣਾ ਮਹਿਲ ਕਲਾਂ ਦੇ ਏ. ਐੱਸ.




ਆਈ. ਗੁਰਮੇਲ ਸਿੰਘ ਨੇ ਦੱਸਿਆ ਕਿ ਇਕ ਆਲਟੋ ਕਾਰ ਰਾਏਕੋਟ ਤੋਂ ਮਹਿਲ ਕਲਾਂ ਵੱਲ ਆ ਰਹੀ ਸੀ। ਜਦੋਂ ਕਾਰ ਪਿੰਡ ਨਿਹਾਲੂਵਾਲ ਅਤੇ ਗੰਗੋਹਰ ਵਿਚਕਾਰ ਪਹੁੰਚੀ ਤਾਂ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ੋਰਦਾਰ ਸੀ ਕਿ ਕਾਰ 'ਚ ਸਵਾਰ ਤਿੰਨੋਂ ਵਿਅਕਤੀ ਜ਼ਖਮੀ ਹੋ ਗਏ। ਏ. ਐੱਸ. ਆਈ. ਨੇ ਦੱਸਿਆ ਕਿ ਮਹਿਲ ਕਲਾਂ ਦਾ ਲਖਵਿੰਦਰ ਸਿੰਘ (28) ਪੁੱਤਰ ਜਗਰਾਜ ਸਿੰਘ ਅਤੇ ਉਸ ਦਾ ਸਾਲਾ ਦਿਨੇਸ਼ ਕੁਮਾਰ ਵਾਸੀ ਅਮਲੋਹ ਗੰਭੀਰ ਸੱਟਾਂ ਕਾਰਨ ਇਲਾਜ ਲਈ ਲੁਧਿਆਣਾ ਦੇ ਨਿੱਜੀ ਹਸਪਤਾਲ 'ਚ ਭੇਜੇ ਗਏ, ਜਿੱਥੇ ਦੋਵੇਂ ਨੇ ਜ਼ਖਮਾਂ ਦੀ ਤਾਬ ਨਾ ਸਹਾਰਿਆਂ ਦਮ ਤੋੜ ਦਿੱਤਾ। ਤੀਜਾ ਸਾਥੀ ਗੌਰਵ ਸਿੰਗਲਾ ਵਾਸੀ ਮਹਿਲ ਕਲਾਂ ਵੀ ਜ਼ਖਮੀ ਹੋਇਆ, ਜਿਸ ਦਾ ਇਲਾਜ ਬਰਨਾਲਾ ਹਸਪਤਾਲ 'ਚ ਚੱਲ ਰਿਹਾ ਹੈ।

# ਪੰਜਾਬ ਤੋਂ ਸ਼ੁਰੂ ਹੋਈ ਅੰਮ੍ਰਿਤ ਭਾਰਤ ਰੇਲਗੱਡੀ, ਯਾਤਰੀਆਂ ਦੀਆਂ ਲੱਗਣਗੀਆਂ ਮੌਜਾਂ

**ਕੌਮੀ ਪਤ੍ਰਿਕਾ**

ਜੈਤੋ 14 ਮਾਰਚ। ਫਿਰੋਜ਼ਪੁਰ ਰੇਲਵੇ ਡਿਵੀਜ਼ਨ ਮੈਨੇਜਰ ਸੰਜੀਵ ਕੁਮਾਰ ਨੇ ਕਿਹਾ ਕਿ ਰੇਲਵੇ ਯਾਤਰੀਆਂ ਦੀ ਸੁਵਿਧਾਜਨਕ ਆਵਾਜਾਈ ਲਈ ਛਹਿਰਟਾ ਅਤੇ ਸਹਰਸਾ ਵਿਚਕਾਰ ਇੱਕ ਨਵੀਂ ਅੰਮ੍ਰਿਤ ਭਾਰਤ ਹਫਤਾਵਾਰੀ ਰੇਲ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਰੇਲ ਸੇਵਾ ਦੇ ਨਿਯਮਤ ਸੰਚਾਲਨ ਨਾਲ, ਇਸ ਰੂਟ 'ਤੇ ਰੇਲਵੇ ਯਾਤਰੀਆਂ ਦੀ ਯਾਤਰਾ ਹੋਰ ਵੀ ਸੁਚਾਰੂ ਅਤੇ ਪਹੁੰਚਯੋਗ ਹੋ ਜਾਵੇਗੀ। ਛਹਿਰਟਾ ਅਤੇ ਸਹਰਸਾ ਵਿਚਕਾਰ ਨਵੀਂ ਅੰਮ੍ਰਿਤ ਭਾਰਤ ਹਫਤਾਵਾਰੀ ਰੇਲ ਸੇਵਾ ਹੇਠ ਲਿਖੇ ਅਨੁਸਾਰ ਚਲਾਈ ਜਾਵੇਗੀ। ਛਹਿਰਟਾ ਅਤੇ ਸਹਰਸਾ ਵਿਚਕਾਰ ਨਵੀਂ ਅੰਮ੍ਰਿਤ ਭਾਰਤ ਹਫਤਾਵਾਰੀ ਰੇਲ ਸੇਵਾ 14628 ਨਿਯਮਤ ਤੌਰ 'ਤੇ 20-09-2025 ਤੋਂ ਚਲਾਈ ਜਾ ਰਹੀ ਹੈ। ਰੇਲਗੱਡੀ ਨੰਬਰ 14628 ਹਰ ਸ਼ਨੀਵਾਰ ਛਹਿਰਟਾ ਤੋਂ ਸਹਰਸਾ ਲਈ ਰਵਾਨਾ ਹੋਵੇਗੀ। ਰੇਲਗੱਡੀ ਨੰਬਰ 14628 ਛਹਿਰਟਾ ਤੋਂ ਰਾਤ 11:20 ਵਜੇ ਰਵਾਨਾ ਹੋਵੇਗੀ ਅਤੇ ਲਗਭਗ 35 ਘੰਟਿਆਂ ਦੀ ਯਾਤਰਾ ਤੋਂ ਬਾਅਦ ਸਵੇਰੇ 10:00 ਵਜੇ



ਸਹਰਸਾ ਪਹੁੰਚੇਗੀ। ਅੰਮ੍ਰਿਤ ਭਾਰਤ ਸਪਤਾਹਿਕ ਰੇਲਗੱਡੀ 14627 ਨਿਯਮਿਤ ਤੌਰ 'ਤੇ 22-09-2025 ਤੋਂ ਚਲਾਈ ਜਾ ਰਹੀ ਹੈ। ਟਰੇਨ ਨੰਬਰ 14627 ਹਰ ਸੋਮਵਾਰ ਨੂੰ ਸਹਰਸਾ ਤੋਂ ਛੇਹਰਟਾ ਤੱਕ ਚੱਲੇਗੀ। ਟਰੇਨ ਨੰਬਰ 14627 ਸਹਰਸਾ ਤੋਂ ਦੁਪਹਿਰ 1:00 ਵਜੇ ਰਵਾਨਾ ਹੋਵੇਗੀ ਅਤੇ ਲਗਭਗ 38 ਘੰਟੇ ਦੇ ਸਫ਼ਰ ਤੋਂ ਬਾਅਦ ਸਵੇਰੇ 3:20 ਵਜੇ ਛੇਹਰਟਾ ਪਹੁੰਚੇਗੀ। ਰੂਟ 'ਚ, ਇਹ ਅੰਮ੍ਰਿਤ ਭਾਰਤ ਸਪਤਾਹਿਕ ਐਕਸਪ੍ਰੈਸ ਅੰਮ੍ਰਿਤਸਰ, ਬਿਆਸ, ਜਲੰਧਰ ਸਿਟੀ, ਫਗਵਾੜਾ, ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਰੁੜਕੀ, ਮੁਰਾਦਾਬਾਦ, ਚੰਦੌਸੀ, ਸੀਤਾਪੁਰ, ਬੁੱਢੇਵਾਲ, ਗੋਂਦਾ, ਮਾਣਕਪੁਰ, ਬਸਤੀ, ਖਲੀਲਾਬਾਦ, ਗੋਰਖਪੁਰ, ਕਪਤਾਨਗੰਜ, ਸਿਸਵਾ ਬਾਜ਼ਾਰ, ਨਰਕਟੀਆਗੰਜ, ਸਿਕਤਾ, ਰਕਸੌਲ, ਸੀਤਾਮੜੀ, ਸ਼ਿਸ਼ੋ, ਸਕਰੀ, ਝਾਂਝਰਪੁਰ, ਨਿਰਮਲੀ, ਸਰਾਏਗੜ੍ਹ ਅਤੇ ਸੁਪੌਲ ਰੇਲਵੇ ਸਟੇਸ਼ਨ ਦੋਵੇਂ ਦਿਸ਼ਾਵਾਂ 'ਚ ਰੁਕੇਗੀ। ਇਸ ਅੰਮ੍ਰਿਤ ਭਾਰਤ ਵੀਕਲੀ ਐਕਸਪ੍ਰੈਸ ਵਿੱਚ 8 ਸਲੀਪਰ ਕਲਾਸ ਕੋਚ, 11 ਜਨਰਲ ਕਲਾਸ ਕੋਚ ਹਨ ਅਤੇ ਇੱਕ ਪੈਂਟਰੀ ਕਾਰ ਦੀ ਸਹੂਲਤ ਵੀ ਉਪਲਬਧ ਹੈ।

## ਵਾਤਾਵਰਨ, ਵਨ ਅਤੇ ਜੰਗਲੀ ਪਸ਼ੂ ਮੰਤਰੀ ਰਾਓ ਨਰਬੀਰ ਸਿੰਘ ਨੇ ਸੇਵਾ ਪੱਖਵਾੜਾ ਤਹਿਤ ਹਿਸਾਰ ਵਿੱਚ ਕੀਤਾ ਪੌਧਾਰੋਪਣ

ਚੰਡੀਗੜ੍ਹ, 14 ਮਾਰਚ। ਹਰਿਆਣਾ ਦੇ ਵਾਤਾਵਰਨ, ਵਨ ਅਤੇ ਜੰਗਲੀ ਪਸ਼ੂ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਵਾਤਾਵਰਨ ਸਰੰਖਣ ਨੂੰ ਵਧਾਵਾ ਦੇਣ ਲਈ ਕਾਗਜੀ ਸਨੇਹਾ ਪੱਤਰ ਦੀ ਥਾਂ ਡਿਜ਼ਿਟਲ ਕਾਰਡ ਜਰਇਏ ਸਨੇਹਾ ਭੇਜਣਾ ਚਾਹੀਦਾ ਹੈ। ਅਜਿਹਾ ਕਰਕੇ ਅਸੀ ਹਰ ਸਾਲ ਵੱਡੀ ਗਿਣਤੀ ਵਿੱਚ ਰੁੱਖਾਂ ਨੂੰ ਕੱਟਣ ਤੋਂ ਬਚਾ ਕੇ ਆਉਣ ਵਾਲੀ ਪੀਢੀਆਂ ਨੂੰ ਸਿਹਤਮੰਦ ਜੀਵਨ ਦੀ ਸੌਗਾਤ ਦੇ ਸਕਦੇ ਹਨ। ਰਾਓ ਨਰਬੀਰ ਸਿੰਘ ਅੱਜ ਹਿਸਾਰ ਸਥਿਤ ਬੀੜ ਵਿੱਚ ਸੇਵਾ ਪੱਖਵਾੜਾ ਤਹਿਤ ਆਯੋਜਿਤ ਪੌਧਾਰੋਪਣ ਪ੍ਰੋਗਰਾਮ ਵਿੱਚ ਮੌਜੂਦ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਇੱਥੇ 1500 ਰੁੱਖ ਲਗਾਏ ਗਏ ਅਤੇ ਪ੍ਰਚਾਰ ਵਾਹਨਾਂ ਨੂੰ ਵੀ ਹਰੀ ਝੰਡੀ ਵਿਖਾਕੇ ਰਵਾਨਾ ਕੀਤਾ। ਉਨ੍ਹਾਂ ਨੇ ਕਿਹਾ ਕਿ ਸਿਹਤਮੰਦ ਜੀਵਨ ਜੀਣ ਲਈ ਮਨੁੱਖ ਨੂੰ ਖਾਣਾ-ਪੀਣਾ ਅਤੇ ਹਵਾ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ ਪਰ ਇਹ ਤਿੰਨੇ ਚੀਜਾਂ ਹੀ ਲਗਾਤਾਰ ਪ੍ਰਦੂਸ਼ਿਤ ਹੋ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਵਾਤਾਵਰਨ ਸਰੰਖਣ ਨੂੰ ਵਾਧਾ ਦੇਣ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਕੈਬੀਨੇਟ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਇੱਕ ਰੁੱਖ ਮਾਂ ਦੇ ਨਾਮ ਮੁਹਿੰਮ ਸ਼ੁਰੂ ਕੀਤਾ ਹੈ। ਹਰ ਵਿਅਕਤੀ ਨੂੰ ਇਸ ਮੁਹਿੰਮ ਤਹਿਤ ਆਪਣੀ ਮਾਂ ਦੇ ਨਾਮ ਇੱਕ ਰੁੱਖ ਨਾ ਸਿਰਫ਼ ਲਗਾਉਣਾ ਚਾਹੀਦਾ ਹੈ ਸਗੋਂ ਉਸ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਮਾਂ ਦੇ ਨਾਮ ਲਗਾਏ ਗਏ ਰੁੱਖ ਨਾਲ ਵਿਅਕਤੀ ਭਾਵਨਾ ਨਾਲ ਜੁੜਿਆ ਮਹਿਸੂਸ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ 75 ਨਮੋ ਵਨ ਵਿਕਸਿਤ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ 3 ਹਿਸਾਰ ਜ਼ਿਲ੍ਹੇ ਵਿੱਚ ਸਥਾਪਿਤ ਕੀਤੇ ਜਾਣਗੇ।

## ਈਵੀਐਮ ਵੋਟ ਪੱਤਰਾਂ ਨੂੰ ਵੱਧ ਪੜਨਯੋਗ ਬਨਾਉਣ ਲਈ ਚੋਣ ਕਮਿਸ਼ਨ ਨੇ ਦਿਸ਼ਾ-ਨਿਰਦੇਸ਼ਾਂ ਵਿੱਚ ਕੀਤਾ ਸੋਧ

ਚੰਡੀਗੜ੍ਹ, 14 ਮਾਰਚ। ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਏ ਸ਼?ਰੀਨਿਵਾਸ ਨੇ ਦਸਿਆ ਕਿ ਭਾਰਤ ਚੋਣ ਕਮਿਸ਼ਨ (ਈਸੀਆਈ) ਨੇ ਈਵੀਐਮ ਵੋਟ ਪੱਤਰਾਂ ਦੀ ਸਪਸ਼ਟਤਾ ਅਤੇ ਪੜਨਯੋਗਤਾ ਨੂੰ ਵਧਾਉਣ ਲਈ ਚੋਣ ਸੰਚਾਲਨ ਨਿਯਮ, 1961 ਦੇ ਨਿਯਮ 49ਵੀਂ ਤਹਿਤ ਈਵੀਐਮ ਵੋਟ ਪੱਤਰਾਂ ਦੇ ਡਿਜਾਇਨ ਅਤੇ ਪ੍ਰਿੰਟਿੰਗ ਤਹਿਤ ਮੌਜੂਦਾ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਕੀਤਾ ਹੈ। ਉਨ੍ਹਾਂ ਨੇ ਦਸਿਆ ਕਿ ਇਹ ਪਹਿਲ ਚੋਣ ਪ੍ਰਕ੍ਰਿਆਵਾਂ ਨੂੰ ਸਹੀ ਢੰਗ ਅਤੇ ਬਿਹਤਰ ਬਨਾਉਣ ਅਤੇ ਵੋਟਰਾਂ ਦੀ ਸਹੂਲਤ ਵਧਾਉਣ ਲਈ ਪਿਛਲੇ 6 ਮਹੀਨਿਆਂ ਵਿੱਚ ਈਸੀਆਈ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ 28 ਪਹਿਲਾਂ ਦੇ ਅਨੁਰੂਪ ਹੈ। ਹੁਣ ਤੋਂ, ਈਵੀਐਮ ਵੋਟ ਪੱਤਰ 'ਤੇ ਉਮੀਦਵਾਰਾਂ ਦੀ ਤਸਵੀਰ ਰੰਗੀਨ ਛਪੀ ਹੋਵੇਗੀ ਅਤੇ ਬਿਹਤਰ ਵਿਜੀਬਿਲਿਟੀ ਲਹੀ ਉਮੀਦਵਾਰ ਦਾ ਚਿਹਰਾ ਫੋਟੋ ਦੇ ਤਿੰਨ-ਚੌਥਾਈ ਹਿੱਸੇ 'ਤੇ ਹੋਵੇਗਾ। ਸ੍ਰੀ ਏ. ਸ਼?ਰੀਨਿਵਾਸ ਨੇ ਦਸਿਆ ਕਿ ਉਮੀਦਵਾਰਾਂ/ਨੋਟਾ ਦੇ ਕ੍ਰਮ ਭਾਰਤੀ ਨੰਬਰਾਂ ਦੇ ਕੌਮਾਂਤਰੀ ਰੂਪ ਵਿੱਚ ਪ੍ਰਿੰਟ ਕੀਤੇ ਜਾਣਗੇ ਅਤੇ ਸਪਸ਼ਟਾ ਲਈ ਫਾਂਟ ਦਾ ਆਕਾਰ 30 ਹੋਵੇਗਾ ਅਤੇ ਬੋਲਡ ਵਿੱਚ ਹੋਵੇਗਾ। ਇਕਰੂਪਤਾ ਯਕੀਨੀ ਕਰਨ ਲਈ, ਸਾਰੇ ਉਮੀਦਵਾਰਾਂ/ਨੋਟਾ ਦੇ ਨਾਮ ਇੱਕ ਹੀ ਫਾਂਟ ਤਰ੍ਹਾ ਅਤੇ ਫਾਂਨ ਆਕਾਰ ਵਿੱਚ ਪ੍ਰਿੰਟ ਕੀਤੇ ਜਾਣਗੇ ਤਾਂ ਜੋ ਆਸਾਨੀ ਨਾਲ ਪੜ੍ਹਿਆ ਜਾ ਸਕੇ। ਉਨ੍ਹਾਂ ਨੇ ਦਸਿਆ ਕਿ ਈਵੀਐਮ ਵੋਟਪੱਤਰ 70 ਜੀਐਸਐਮ ਕਾਗਜ਼ 'ਤੇ ਪਿ?ਰੰਟ ਕੀਤੇ ਜਾਣਗੇ। ਵਿਧਾਨਸਭਾ ਚੋਣ ਲਹੀ, ਨਿਰਦੇਸ਼ ਆਰਜੀਬੀ ਮਾਨ ਵਾਲੇ ਗੁਲਾਬੀ ਰੰਗ ਦੇ ਕਾਗਜ਼ ਦੀ ਵਰਤੋ ਕੀਤੀ ਜਾਵੇਗੀ। ਅਗਾਮੀ ਚੋਣ ਵਿੱਚ ਉਕਤ ਈਵੀਐਮ ਵੋਟਪੱਤਰਾਂ ਦੀ ਵਰਤੋ ਕੀਤੀ ਜਾਵੇਗੀ, ਜਿਸ ਦੀ ਸ਼ੁਰੂਆਤ ਬਿਹਾਰ ਤੋਂ ਹੋਵੇਗੀ।

# ਪੰਜਾਬ 'ਚ ਸਸਤਾ ਹੋਵੇਗਾ ਇਲਾਜ ! ਜਾਰੀ ਹੋ ਗਏ ਨਵੇਂ ਹੁਕਮ

**ਕੌਮੀ ਪਤ੍ਰਿਕਾ**

ਸੁਨਾਮ ਊਧਮ ਸਿੰਘ ਵਾਲਾ 14 ਮਾਰਚ। ਭਾਰੀ ਮੀਂਹ ਅਤੇ ਹੜ੍ਹ ਵਰਗੀ ਸਥਿਤੀ ਉਪਰੰਤ ਪੈਦਾ ਹੋਏ ਹਲਾਤਾਂ ਨੂੰ ਦੇਖਦਿਆਂ ਸੀਨੀਅਰ ਮੈਡੀਕਲ ਅਫਸਰ, ਇੰ. ਸਿਵਲ ਹਸਪਤਾਲ ਸੁਨਾਮ ਊਧਮ ਸਿੰਘ ਵਾਲਾ ਨੇ ਪ੍ਰਾਈਵੇਟ ਲੈਬੋਰੇਟਰੀਜ਼, ਸੁਨਾਮ ਦੇ ਪ੍ਰਧਾਨ ਜਗਦੀਪ ਭਾਰਦਵਾਜ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੁਨਾਮ ਵਿਖੇ ਚੱਲ ਰਹੀਆਂ ਸਮੂਹ ਪ੍ਰਾਈਵੇਟ ਲੈਬੋਰੇਟਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਨ੍ਹਾਂ ਦੀ ਲੈਬ 'ਚ ਹੋਣ ਵਾਲੇ ਟੈਸਟਾਂ ਦੀ ਕੀਮਤ ਵਿਚ ਆਮ ਦਿਨਾਂ ਨਾਲੋਂ 10 ਫੀਸਦੀ ਦੀ ਛੋਟ ਦਿੱਤੀ ਜਾਵੇ। ਲੈਬ ਵਿਚ ਹੋਣ ਵਾਲੇ ਟੈਸਟਾਂ ਦੀ ਫੀਸ ਡਿਸਪਲੇ 'ਤੇ ਲਗਾਈ ਜਾਣੀ ਯਕੀਨੀ ਬਣਾਈ ਜਾਵੇ। ਜੇਕਰ ਕੋਈ ਟੈਸਟ ਪਾਜ਼ੇਟਿਵ ਆਵੇ ਤਾਂ ਮਰੀਜ਼ ਨੂੰ ਸਹੀ ਤਰੀਕੇ ਨਾਲ ਗਾਈਡ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕ ਹਿੱਤ ਵਿਚ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਵੀ ਹਦਾਇਤ ਕੀਤੀ ਕਿ ਡੇਂਗੂ ਅਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ 'ਚ ਹੇਠ ਲਿਖੇ ਲੱਛਣ ਵੇਖਣ



ਨੂੰ ਮਿਲਦੇ ਹਨ ਜਿਵੇਂ ਕਿ ਤੇਜ਼ ਬੁਖ਼ਾਰ, ਸਰੀਰ ਵਿਚ ਦਰਦ, ਜੋੜਾਂ ਵਿਚ ਦਰਦ, ਪੇਟ ਵਿਚ ਗੜਬੜ ਅਤੇ ਕਈ ਵਾਰ ਭੁੱਖ ਦੀ ਕਮੀ ਆਦਿ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਰੀਜ਼ ਵਿਚ ਉਪਰੋਕਤ ਲੱਛਣ ਪਰਿਵਾਰਕ ਮੈਂਬਰਾਂ ਵੱਲੋਂ ਵੇਖੇ ਜਾਣ, ਤਾਂ ਉਸਨੂੰ ਤੁਰੰਤ ਸਿਵਲ ਹਸਪਤਾਲ ਸੁਨਾਮ/ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਕੋਲ ਲਿਜਾਇਆ ਜਾਵੇ। ਸਿਵਲ ਹਸਪਤਾਲ ਸੁਨਾਮ 'ਚ ਮਰੀਜ਼ਾਂ ਲਈ ਮੁਫ਼ਤ ਲੈਬ ਟੈਸਟ (ਕਮਰਾ ਨੰਬਰ 22) ਕੀਤੇ ਜਾ ਰਹੇ ਹਨ ਅਤੇ ਹੋਰ ਜ਼ਰੂਰੀ ਟੈਸਟ ਕ੍ਰਿਸ਼ਨਾ ਡਾਇਗਨੋਸਟਿਕ ਸੈਂਟਰ (ਕਮਰਾ ਨੰਬਰ 27) ਪੁਰਾਣੇ ਓ.ਪੀ.ਡੀ. ਕੰਪਲੈਕਸ ਦੇ ਬਾਹਰ ਸਿਵਲ ਹਸਪਤਾਲ ਸੁਨਾਮ ਵਿਚ ਉਪਲੱਬਧ ਹਨ। ਇਲਾਜ ਦਾ ਮੁੱਖ ਤਰੀਕਾ ਠੰਢੇ ਪਾਣੀ ਦੀ ਪੱਟੀ ਅਤੇ ਉਚਿਤ ਦਵਾਈ ਇਲਾਜ ਹੈ। ਸਾਰੀਆਂ ਜ਼ਰੂਰੀ ਦਵਾਈਆਂ ਸਿਵਲ ਹਸਪਤਾਲ 'ਚ ਮੁਫ਼ਤ ਉਪਲੱਬਧ ਹਨ। ਉਨ੍ਹਾਂ ਦੱਸਿਆ ਕਿ ਆਪਣੇ ਆਲੇ-ਦੁਆਲੇ 'ਚ ਪਾਣੀ ਖੜ੍ਹਾ ਹੋਣ ਤੋਂ ਬਚਾਅ, ਪੂਰੀ ਬਾਹਾਂ ਵਾਲੇ ਕੱਪੜੇ ਅਤੇ ਜੁੱਤੀ-ਚੱਪਲ ਪਾਓ, ਮੱਛਰ ਭਗਾਉਣ ਵਾਲੇ ਉਪਕਰਣ/ਕਰੀਮ ਵਰਤੋਂ, ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਦੀ ਖਾਸ ਦੇਖਭਾਲ ਕਰੋ, ਸਫਾਈ, ਸਿਹਤਮੰਦ ਖ਼ੁਰਾਕ ਅਤੇ ਲੋੜੀਂਦੀ ਮਾਤਰਾ 'ਚ ਪਾਣੀ ਪੀਣਾ ਯਕੀਨੀ ਬਣਾਓ।

## ਜੇਲ੍ਹ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਕੀਤਾ ਜਿਲ੍ਹਾ ਜੇਲ੍ਹ ਨਾਰਨੌਲ ਦਾ ਅਚਾਨਕ ਨਿਰੀਖਣ

ਚੰਡੀਗੜ੍ਹ, 14 ਮਾਰਚ। ਹਰਿਆਣਾ ਦੇ ਜੇਲ੍ਹ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਅੱਜ ਜਿਲ੍ਹਾ ਜੇਲ੍ਹ ਨਾਰਨੌਲ ਦਾ ਅਚਾਨਕ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਜੇਲ੍ਹ ਪ੍ਰਸ਼ਾਸ਼ਨ ਦੀ ਕਾਰਜਪ੍ਰਣਾਲੀ ਅਤੇ ਕੈਦੀਆਂ ਨੂੰ ਦਿੱਤੀ ਜਾ ਰਹੀ ਸਹੂਲਤਾਂ ਦਾ ਜਾਇਜਾ ਲਿਆ। ਉਨ੍ਹਾਂ ਨੇ ਸੇਵਾ ਪਰਵ ਤਹਿਤ ਜੇਲ੍ਹ ਪਰਿਸਰ ਵਿੱਚ ਪੌਧਾਰੋਪਣ ਕਰ ਵਾਤਾਵਰਣ ਸਰੰਖਣ ਦਾ ਸੰਦੇਸ਼ ਦਿੱਤਾ। ਨਿਰੀਖਣ ਦੌਰਾਨ ਡਾ. ਸ਼ਰਮਾ ਨੇ ਜੇਲ੍ਹ ਸੁਪਰਡੈਂਟ ਤੋਂ ਕੈਦੀਆਂ ਲਈ ਉਪਲਬਧ ਕਰਾਈ ਜਾ ਰਹੀ ਸਹੂਲਤਾਂ ਦੇ ਬਾਰੇ ਵਿੱਚ ਵਿਸਤਾਰ ਨਾਲ ਜਾਣਕਾਰੀ ਲਈ। ਉਨ੍ਹਾਂ ਨੇ ਵਿਸ਼ੇਸ਼ ਰੂਪ ਨਾਲ ਖਾਣ ਦੀ ਗੁਣਵੱਤਾ, ਸਵੱਛਤਾ ਅਤੇ ਸਿਹਤ ਸੇਵਾਵਾਂ 'ਤੇ ਜੋਰ ਦਿੱਤਾ। ਜੇਲ੍ਹ ਮੰਤਰੀ ਨੇ ਜੇਲ੍ਹ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਕਿ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਭੋਜਨ ਦੀ ਗੁਣਵੱਤਾ ਦੀ ਨਿਯਮਤ ਜਾਂਚ ਕੀਤੀ ਜਾਵੇ

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ਨੇ ਵਿਸ਼ਵ ਪੱਧਰੀ ਉਦਯੋਗਾਂ ਲਈ ਦਰਵਾਜ਼ੇ ਖੋਲ੍ਹੇ ਮੁੱਖ ਮੰਤਰੀ ਨੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ !

**Contd....Front page**

ਉਨ੍ਹਾਂ ਵਿੱਚੋਂ ਕਈ ਉਦਯੋਗਪਤੀਆਂ ਨੇ ਕਿਹਾ ਕਿ ਉਹ ਪੰਜਾਬ ਵਿੱਚ ਨਵੀਆਂ ਉਦਯੋਗਿਕ ਇਕਾਈਆਂ ਸਥਾਪਿਤ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਕਿਉਂਕਿ ਰਾਜ ਸਰਕਾਰ ਵੱਲੋਂ ਸਕਾਰਾਤਮਕ ਸੰਕੇਤ ਮਿਲ ਰਹੇ ਹਨ। ਉਦਯੋਗ ਜਗਤ ਦੇ ਆਗੂਆਂ ਦਾ ਮੰਨਣਾ ਹੈ ਕਿ ਪੰਜਾਬ ਦੀ ਰਣਨੀਤਿਕ ਸਥਿਤੀ, ਮਜ਼ਬੂਤ ਖੇਤੀਬਾੜੀ ਆਧਾਰ, ਹੁਨਰਮੰਦ ਕਰਮਚਾਰੀ ਬਲ ਅਤੇ ਬਿਹਤਰ ਪ੍ਰਸ਼ਾਸਨ ਇਸ ਨੂੰ ਨਿਵੇਸ਼ ਲਈ ਆਕਰਸ਼ਕ ਬਣਾਉਂਦੇ ਹਨ। ਉਨ੍ਹਾਂ ਨੇ ਇਹ ਵੀ ਉਮੀਦ ਜਤਾਈ ਕਿ ਸਰਕਾਰ ਦਾ ਉਦਯੋਗਾਂ ਨੂੰ ਸਹਿਯੋਗ ਦੇਣ ਦਾ ਵਚਨ ਇੱਕ ਸਥਿਰ ਅਤੇ ਲਾਭਦਾਇਕ ਕਾਰੋਬਾਰੀ ਵਾਤਾਵਰਣ ਤਿਆਰ ਕਰੇਗਾ। ਵਿਸ਼ੇਸ਼ਗਿਆਨਾਂ ਦਾ ਕਹਿਣਾ ਹੈ ਕਿ ਜੇ ਇਹ ਨਿਵੇਸ਼ ਯੋਜਨਾਵਾਂ ਹਕੀਕਤ ਬਣਦੀਆਂ ਹਨ ਤਾਂ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਵਿੱਚ ਮਹੱਤਵਪੂਰਨ ਆਰਥਿਕ ਵਿਸਥਾਰ ਦੇਖਣ ਨੂੰ ਮਿਲ ਸਕਦਾ ਹੈ। ਨਵੀਆਂ ਫੈਕਟਰੀਆਂ ਅਤੇ ਨਿਰਮਾਣ ਇਕਾਈਆਂ ਦੀ ਸਥਾਪਨਾ ਰਾਜ ਦੇ ਉਦਯੋਗਿਕ ਖੇਤਰ ਨੂੰ ਮਜ਼ਬੂਤ ਕਰੇਗੀ, ਉਤਪਾਦਨ ਸਮਰੱਥਾ ਵਧਾਏਗੀ ਅਤੇ ਰਾਸ਼ਟਰੀ ਅਰਥਵਿਵਸਥਾ ਵਿੱਚ ਪੰਜਾਬ ਦੇ ਯੋਗਦਾਨ ਨੂੰ ਹੋਰ ਮਜ਼ਬੂਤ ਬਣਾਏਗੀ।

**ਮੁੱਖ ਵਾਧੂ ਵਿਕਾਸ ਅਤੇ ਉਮੀਦਾਂ**

- ਪੰਜਾਬ ਸਰਕਾਰ ਦੇਸ਼ ਅਤੇ ਵਿਦੇਸ਼ ਦੇ ਵੱਡੇ ਉਦਯੋਗਿਕ ਸਮੂਹਾਂ ਨਾਲ ਸਰਗਰਮ ਤੌਰ 'ਤੇ ਸੰਪਰਕ ਕਰ ਰਹੀ ਹੈ।
- ਉਦਯੋਗਿਕ ਮਨਜ਼ੂਰੀਆਂ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਅਤੇ ਬਿਊਰੋਕ੍ਰੈਟਿਕ ਰੁਕਾਵਟਾਂ ਨੂੰ ਘਟਾਉਣ ਲਈ ਯਤਨ ਕੀਤੇ ਜਾ ਰਹੇ ਹਨ।
- ਨਵੀਆਂ ਉਦਯੋਗਿਕ ਨੀਤੀਆਂ ਦਾ ਉਦੇਸ਼ ਮੈਨੂਫੈਕਚਰਿੰਗ, ਖੇਤੀ-ਪ੍ਰੋਸੈਸਿੰਗ ਅਤੇ ਟੈਕਨੋਲੋਜੀ ਉਦਯੋਗਾਂ ਨੂੰ ਆਕਰਸ਼ਿਤ ਕਰਨਾ ਹੈ।
- ਸਰਕਾਰ ਸਥਾਨਕ ਨੌਜਵਾਨਾਂ ਲਈ ਰੋਜ਼ਗਾਰ ਪੈਦਾ ਕਰਨ 'ਤੇ ਖਾਸ ਜ਼ੋਰ ਦੇ ਰਹੀ ਹੈ।
- ਸੜਕਾਂ, ਲਾਜਿਸਟਿਕ ਨੈੱਟਵਰਕ ਅਤੇ ਉਦਯੋਗਿਕ ਖੇਤਰਾਂ ਸਮੇਤ ਬੁਨਿਆਦੀ ਢਾਂਚੇ ਵਿੱਚ ਸੁਧਾਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਪਹਲਾਂ ਪੰਜਾਬ ਦੇ ਆਰਥਿਕ ਬਦਲਾਅ ਦੀ ਇੱਕ ਨਵੀਂ ਸ਼ੁਰੂਆਤ ਸਾਬਤ ਹੋ ਸਕਦੀਆਂ ਹਨ। ਜੇ ਸਰਕਾਰ ਰਾਜ ਵਿੱਚ ਵੱਡੇ ਨਿਵੇਸ਼ ਲਿਆਉਣ ਵਿੱਚ ਕਾਮਯਾਬ ਹੁੰਦੀ ਹੈ ਤਾਂ ਪੰਜਾਬ ਜਲਦੀ ਹੀ ਭਾਰਤ ਦੇ ਸਭ ਤੋਂ ਗਤੀਸ਼ੀਲ ਉਦਯੋਗਿਕ ਕੇਂਦਰਾਂ ਵਿੱਚੋਂ ਇੱਕ ਬਣ ਸਕਦਾ ਹੈ। ਪੰਜਾਬ ਦੇ ਲੋਕਾਂ ਲਈ ਨਵੇਂ ਉਦਯੋਗਾਂ ਦਾ ਵਾਅਦਾ ਰੋਜ਼ਗਾਰ, ਵਿਕਾਸ ਅਤੇ ਆਰਥਿਕ ਸਥਿਰਤਾ ਦੀ ਨਵੀਂ ਉਮੀਦ ਲੈ ਕੇ ਆਇਆ ਹੈ। ਜਿਵੇਂ ਜਿਵੇਂ ਰਾਜ ਉਦਯੋਗੀਕਰਨ ਦੇ ਰਾਹ 'ਤੇ ਅੱਗੇ ਵੱਧ ਰਿਹਾ ਹੈ, ਆਉਣ ਵਾਲੇ ਸਾਲ ਇਹ ਤੈਅ ਕਰਨਗੇ ਕਿ ਕੀ ਪੰਜਾਬ ਇੱਕ ਵਾਰ ਫਿਰ ਭਾਰਤ ਦੇ ਸਭ ਤੋਂ ਸਮ੍ਰਿੱਧ ਅਤੇ ਪ੍ਰਗਤੀਸ਼ੀਲ ਖੇਤਰਾਂ ਵਿੱਚ ਆਪਣੀ ਮਜ਼ਬੂਤ ਪਛਾਣ ਬਣਾਉਣ ਵਿੱਚ ਕਾਮਯਾਬ ਹੋ ਗਿਆ ਹੈ ।

## ਸਰਕਾਰੀ ਸਕੂਲ 'ਚ ਸ਼ੱਕੀ ਹਾਲਾਤ 'ਚ ਮਰੀ ਵਿਦਿਆਰਥਣ ਦਾ ਕੀਤਾ ਗਿਆ ਅੰਤਿਮ ਸੰਸਕਾਰ

ਜਲੰਧਰ 14 ਮਾਰਚ। ਨੂਰਪੁਰ ਇਲਾਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ 12ਵੀਂ ਜਮਾਤ ਦੀ ਵਿਦਿਆਰਥਣ ਖ਼ੁਸ਼ਪ੍ਰੀਤ ਕੌਰ ਦਾ ਪਿੰਡ 'ਚ ਹੀ ਅੰਤਿਮ ਸਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਤੋਂ ਬਾਅਦ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮਕਸੂਦਾਂ ਪੁਲਸ 'ਤੇ ਗੰਭੀਰ ਦੋਸ਼ ਲਾਏ, ਜਿਸ 'ਚ ਕਿਹਾ ਗਿਆ ਕਿ ਘਟਨਾ ਤੋਂ ਪੰਜ ਦਿਨ ਬੀਤ ਜਾਣ ਦੇ ਬਾਵਜੂਦ ਮੁਲਜ਼ਮ ਅਧਿਆਪਕਾ ਤਰਨਜੋਤ ਕੌਰ ਅਤੇ ਹੋਰਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ। ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਧੀ ਨੇ ਖ਼ੁਦਕੁਸ਼ੀ ਨਹੀਂ ਕੀਤੀ ਸਗੋਂ ਉਸ ਨੂੰ ਤਸੀਹੇ ਦਿੱਤੇ ਗਏ ਜਾਂ ਕਤਲ ਕਰ ਦਿੱਤਾ ਗਿਆ। ਪਰਿਵਾਰ ਦਾ ਦੋਸ਼ ਹੈ ਕਿ ਖ਼ੁਸ਼ਪ੍ਰੀਤ ਨੂੰ ਸਕੂਲ ਤੋਂ 200 ਰੁਪਏ ਚੋਰੀ ਕਰਨ ਦੇ ਦੋਸ਼ਾਂ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਹੋ ਸਕਦਾ ਹੈ ਕਿ ਇਸ ਕਾਰਨ ਉਸ ਨੇ ਇਹ ਸਖ਼ਤ ਕਦਮ ਚੁੱਕਿਆ ਹੋਵੇ ਪਰ ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਧੀ ਅਜਿਹਾ ਕਦਮ ਨਹੀਂ ਚੁੱਕ ਸਕਦੀ ਸੀ। ਉਨ੍ਹਾਂ ਮਾਮਲੇ ਦੀ ਨਿਰਪੱਖ ਜਾਂਚ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਸਵਾਲ ਕੀਤਾ ਕਿ ਪਿਆ ਸੀ। ਹੋ ਸਕਦਾ ਹੈ ਕਿ ਇਸ ਕਾਰਨ ਉਸ ਨੇ ਇਹ ਸਖ਼ਤ ਕਦਮ ਚੁੱਕਿਆ ਹੋਵੇ ਪਰ ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਧੀ ਅਜਿਹਾ ਸਕੂਲ ਪ੍ਰਬੰਧਨ ਨੇ ਸਬੂਤ ਵਜੋਂ ਕੋਈ ਫੋਟੋ ਜਾਂ ਵੀਡੀਓ ਕਿਉਂ ਨਹੀਂ ਲਈ ਅਤੇ ਜੇਕਰ ਵਿਦਿਆਰਥਣ ਨੇ ਫਾਹ ਲਾ ਲਿਆ ਸੀ ਤਾਂ ਉਸ ਨੂੰ ਸਿੱਧਾ ਹਸਪਤਾਲ ਕਿਉਂ ਲਿਜਾਇਆ ਗਿਆ। ਪਰਿਵਾਰ ਦੇ ਅਨੁਸਾਰ ਉਨ੍ਹਾਂ ਨੂੰ ਹਸਪਤਾਲ ਪਹੁੰਚਣ ਤੋਂ ਬਾਅਦ ਹੀ ਪਤਾ ਲੱਗਾ ਕਿ ਉਨ੍ਹਾਂ ਦੀ ਧੀ ਦੀ ਮੌਤ ਹੋ ਗਈ ਹੈ ਅਤੇ ਸਕੂਲ ਪ੍ਰਬੰਧਨ ਦਾਅਵਾ ਕਰ ਰਿਹਾ ਹੈ ਕਿ ਇਹ ਖ਼ੁਦਕੁਸ਼ੀ ਹੈ। ਪਿੰਡ ਦੇ ਮੁਖੀ ਅਤੇ ਹੋਰ ਪਿੰਡ ਵਾਸੀਆਂ ਨੇ ਵੀ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਿਆ ਤਾਂ ਪਿੰਡ ਵਾਸੀ ਹਾਈਵੇਅ ਜਾਮ ਕਰ ਦੇਣਗੇ ਅਤੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰਾ ਕਰਨਗੇ। ਇਸ ਦੌਰਾਨ ਮਕਸੂਦਾਂ ਥਾਣੇ ਦੇ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਸ਼ਾਮਲ ਅਧਿਆਪਕਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਮੌਤ ਦਾ ਸਹੀ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ।

## ਕਸੂਤਾ ਫਸਿਆ ਪੰਜਾਬੀ ਗਾਇਕ ! ਹੱਥ ਜੋੜ ਮੰਗੀ ਮਾਫੀ, ਫ਼ਿਰ ਵੀ ਨਹੀਂ ਛੁੱਟੀ ਜਾਨ

ਕੁਰੂਕਸ਼ੇਤਰ 14 ਮਾਰਚ। ਮਸ਼ਹੂਰ ਰੈਪਰ ਅਤੇ ਗਾਇਕ ਬਾਦਸ਼ਾਹ (ਆਦਿਤਿਆ ਪ੍ਰਤੀਕ ਸਿੰਘ ਸਿਸੋਦੀਆ) ਆਪਣੇ ਨਵੇਂ ਗੀਤ 'ਟਟੀਰੀ' ਨੂੰ ਲੈ ਕੇ ਵੱਡੇ ਵਿਵਾਦਾਂ ਵਿੱਚ ਘਿਰ ਗਏ ਹਨ। ਇਸ ਗੀਤ ਦੇ ਇਤਰਾਜ਼ਯੋਗ ਬੋਲਾਂ ਨੂੰ ਲੈ ਕੇ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਉਨ੍ਹਾਂ ਨੇ ਬਾਦਸ਼ਾਹ ਦੀਆਂ ਹਰਕਤਾਂ ਨੂੰ ਨਾ-ਮਾਫ਼ੀਯੋਗ ਕਰਾਰ ਦਿੱਤਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਰੇਣੂ ਭਾਟੀਆ ਨੇ ਕਿਹਾ ਕਿ ਗੀਤ ਵਿੱਚ ਵਰਤੀ ਗਈ ਭਾਸ਼ਾ ਸੂਬੇ ਦੀਆਂ ਧੀਆਂ ਦਾ ਘੋਰ ਅਪਮਾਨ ਹੈ। ਉਨ੍ਹਾਂ ਕਿਹਾ, ਬਾਦਸ਼ਾਹ ਨੇ ਜੋ ਕੀਤਾ ਹੈ, ਉਹ ਮੁਆਫ਼ੀ ਦੇ ਲਾਇਕ ਨਹੀਂ ਹੈ। ਹਰਿਆਣਾ ਦੀਆਂ ਧੀਆਂ ਬਾਰੇ ਅਜਿਹੀ ਭੱਦੀ ਭਾਸ਼ਾ ਵਰਤਣਾ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮਹਿਲਾ ਕਮਿਸ਼ਨ ਨੇ ਬਾਦਸ਼ਾਹ ਨੂੰ 14 ਮਾਰਚ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਭਾਟੀਆ ਨੇ ਸਪੱਸ਼ਟ ਕੀਤਾ ਕਿ ਜੇਕਰ ਉਹ ਪੇਸ਼ ਨਹੀਂ ਹੁੰਦੇ, ਤਾਂ ਉਨ੍ਹਾਂ ਨੂੰ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਖਾਸ ਕਰਕੇ ਹਰਿਆਣਾ ਵਿੱਚ, ਮਹਿਲਾ ਕਮਿਸ਼ਨ ਉਨ੍ਹਾਂ ਨੂੰ ਇੱਕ ਵੀ ਪ੍ਰੋਗਰਾਮ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਦੂਜੇ ਪਾਸੇ, ਵਿਵਾਦ ਵਧਦਾ ਦੇਖ ਬਾਦਸ਼ਾਹ ਨੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਜਾਰੀ ਕਰਕੇ ਸਫਾਈ ਦਿੱਤੀ ਹੈ। ਉਨ੍ਹਾਂ ਕਿਹਾ, ਮੈਂ ਖੁਦ ਹਰਿਆਣਾ ਤੋਂ ਹਾਂ ਅਤੇ ਮੈਨੂੰ ਹਰਿਆਣਵੀ ਹੋਣ 'ਤੇ ਮਾਣ ਹੈ। ਮੇਰਾ ਇਰਾਦਾ ਕਿਸੇ ਧੀ ਜਾਂ ਬੱਚੇ ਦਾ ਦਿਲ ਦੁਖਾਉਣਾ ਨਹੀਂ ਸੀ। ਉਨ੍ਹਾਂ ਨੇ ਹੱਥ ਜੋੜ ਕੇ ਲੋਕਾਂ ਤੋਂ ਮੁਆਫ਼ੀ ਮੰਗਦਿਆਂ ਖੁਦ ਨੂੰ 'ਹਰਿਆਣਾ ਦਾ ਪੁੱਤਰ' ਸਮਝ ਕੇ ਮੁਆਫ਼ ਕਰਨ ਦੀ ਅਪੀਲ ਕੀਤੀ ਹੈ। ਇਸੇ ਦਰਮਿਆਨ ਪੁਲਸ ਨੇ ਬਾਦਸ਼ਾਹ ਖਿਲਾਫ FIR ਦਰਜ ਕਰ ਲਈ ਹੈ ਅਤੇ ਉਸ ਵਿਰੁੱਧ ਲੁੱਕ ਆਊਟ ਸਰਕੂਲਰ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਮੁਤਾਬਕ ਗਾਇਕ ਨੂੰ ਗ੍ਰਿਫਤਾਰ ਕਰਨ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਨਸ਼ਾ ਮੁਕਤ ਭਾਰਤ ਅਭਿਆਨ ਅਧੀਨ ਸਕੂਲ ਮੁੱਖੀਆਂ ਦੀ ਇੱਕ ਰੋਜਾ ਵਰਕਸ਼ਾਪ ਆਯੋਜਿਤ



**ਪਟਿਆਲਾ, 14 ਮਾਰਚ/ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸੰਜੀਵ ਸ਼ਰਮਾ, ਉਪ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਡਾ ਰਵਿੰਦਰਪਾਲ ਸ਼ਰਮਾ ਅਤੇ ਨੀਰੂ ਬਾਲਾ ਜਿਲ੍ਹਾ ਨੋਡਲ ਅਫਸਰ (ਯੁੱਧ ਨਸ਼ੇ ਵਿਰੁੱਧ/ਨਸ਼ਾ ਮੁਕਤ ਭਾਰਤ ਅਭਿਆਨ) ਦੀ ਯੋਗ ਅਗਵਾਈ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਸਬੰਧੀ ਇੱਕ ਰੋਜਾ ਵਰਕਸ਼ਾਪ ਆਯੋਜਿਤ ਕੀਤੀ ਗਈ।ਦਫਤਰ ਜਿਲ੍ਹਾ ਸਮਾਜਿਕ ਸਰੁੱਖਿਆ ਦੇ ਸਹਿਯੋਗ ਅਧੀਨ ਆਯੋਜਿਤ ਕੀਤੀ ਗਈ ਵਰਕਸ਼ਾਪ ਵਿੱਚ ਜਿਲ੍ਹੇ ਅਧੀਨ ਆਉਂਦੇ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਅਤੇ ਇੰਚਾਰਜਾਂ ਨੇ ਭਾਗ ਲਿਆ।ਇਸ ਟਰੇਨਿੰਗ ਨੂੰ ਦੋ ਪੜਾਵਾਂ ਵਿੱਚ ਮੁਕੰਮਲ ਕੀਤਾ ਗਿਆ। ਵਰਕਸ਼ਾਪ ਦੀ ਸੁਰੂਆਤ ਵਿੱਚ ਜਿਲ੍ਹਾ ਨੋਡਲ ਅਧਿਕਾਰੀ ਨੀਰੂ ਬਾਲਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ।ਇਸ ਉਪਰੰਤ ਸਾਰੇ ਸਕੂਲ ਮੁਖੀਆਂ ਨੂੰ ਸੇ ਨੋ ਟੂ ਡਰੱਗ ਦੀ ਸਹੁੰ ਚੁੱਕਵਾਈ ਗਈ। ਇਸ ਮੌਕੇ ਸਕੂਲ ਮੁੱਖੀਆਂ ਨੇ ਖੁਦ ਅਤੇ ਬੱਚਿਆਂ ਨੂੰ ਨਸ਼ੇ ਤੋਂ ਦੂਰ ਰੱਖਣ ਦਾ ਵਾਅਦਾ ਕੀਤਾ। ਪੰਜਾਬੀ ਯੂਨੀਵਰਸਿਟੀ ਤੋਂ ਕਾਊਂਸਲਰ ਰੂਬੀ ਗੁਪਤਾ ਨੇ ਨਸ਼ੇ ਦੀ ਲਤ ਲੱਗਣ ਦੇ ਕਾਰਨ, ਕਿਸਮਾਂ ਅਤੇ ਇਸਦੇ ਹੱਲ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਤੇ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸੰਜੀਵ ਸ਼ਰਮਾ ਨੇ ਕਿਹਾ ਕਿ ਅਧਿਆਪਕ ਦਾ ਕੰਮ ਹੁਣ ਕੇਵਲ ਵਿਦਿਆਰਥੀਆਂ ਨੂੰ ਪੜਾਉਣ ਤੱਕ ਹੀ ਸੀਮਿਤ ਨਹੀਂ ਹੈ ਬਲਕਿ ਉਸ ਨੇ ਹਰ ਵਿਦਿਆਰਥੀ ਦੇ ਉੱਪਰ ਖਾਸ ਨਿਗਰਾਨੀ ਵੀ ਰੱਖਣੀ ਹੁੰਦੀ ਹੈ ਕਿ ਕਿਤੇ ਉਹ ਗਲਤ ਸੁਸਾਇਟੀ ਜਾਂ ਨਸ਼ੇ ਦੀ ਸੰਗਤ ਵੱਲ ਤਾਂ ਨਹੀਂ ਜਾ ਰਿਹਾ।ਉਹਨਾਂ ਅਧਿਆਪਕਾਂ ਨੂੰ ਸਵੇਰ ਦੀ ਸਭਾ ਅਤੇ ਹੋਰਨਾਂ ਮੋਕਿਆਂ ਤੇ ਵਿਦਿਆਰਥੀਆਂ ਨੂੰ ਨਸ਼ੇ ਦੇ ਦੁਸ਼ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਪ੍ਰੇਰਿਤ ਵੀ ਕੀਤਾ। ਉਹਨਾ ਕਿਹਾ ਕਿ ਸਹੀ ਕਾਊਂਸਲਿੰਗ ਕਰਨ ਨਾਲ ਵਿਦਿਆਰਥੀਆਂ ਨੂੰ ਮੁੜ ਚੰਗੇ ਰਸਤੇ ਤੇ ਲਿਆਂਦਾ ਜਾ ਸਕਦਾ ਹੈ। ਇਸ ਮੌਕੇ ਤੇ ਰਸ਼ਮੀ ਸ਼ਰਮਾ, ਦਿਗਵਿਜੈ ਸਿੰਗਲਾ, ਚਮਨ ਸ਼ਰਮਾ, ਹਿਮਾਂਸ਼ੂ ਅਗਰਵਾਲ, ਇਕਬਾਲ ਸਿੰਘ, ਯੁਵਰਾਜ ਅਰੋੜਾ, ਜਤਿੰਦਰ ਸਿੰਘ ਆਦਿ ਰਿਸੋਰਸ ਪਰਸਨ ਹਾਜ਼ਰ ਸਨ। ਵਰਕਸ਼ਾਪ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਰਿਫਰੈਸ਼ਮੈਂਟ ਅਤੇ ਸਰਟੀਫਿਕੇਟ ਦਿੱਤੇ ਗਏ।

# ਯੂਥ ਸਰਵਿਸ ਵਿਭਾਗ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਯੂਥ ਕਨਵੈਨਸ਼ਨ ਕਰਵਾਉਣੀ ਸ਼ਲਾਘਾਯੋਗ : ਡਾ. ਅਨਹਦ ਗਿੱਲ, ਡਾ. ਰੋਹਿਤ ਗਰਗ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਸਰਵਿਸ ਵਿਭਾਗ ਪਟਿਆਲਾ ਵੱਲੋਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫਤਰ ਪਟਿਆਲਾ ਦੇ ਸਹਿਯੋਗ ਨਾਲ ਸਟੇਟ ਕਾਲਜ ਆਫ ਐਜੂਕੇਸ਼ਨ ਵਿਖੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਯੂਥ ਕਨਵੈਨਸ਼ਨ ਕਰਵਾਈ ਗਈ ਜਿਸ ਵਿੱਚ ਵੱਖ ਵੱਖ ਕਾਲਜਾਂ ਦੇ ਐਨ ਐਸ ਐਸ ਅਤੇ ਰੈਡ ਰਿਬਨ ਕਲੱਬਾਂ ਦੇ ਵਲੰਟੀਅਰਜ਼ ਨੇ ਸ਼ਿਰਕਤ ਕੀਤੀ।ਜਿਸ ਵਿਚ ਮੁੱਖ ਮਹਿਮਾਨ ਡਾ ਅਨਹਦ ਗਿੱਲ ਕੋਆਰਡੀਨੇਟਰ ਐਨ ਐਸ ਐਸ ਵਿਭਾਗ ਪੰਜਾਬੀ ਯੂਨੀਵਰਸਿਟੀ ਅਤੇ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋਫੈਸਰ ਡਾ ਵਨੀਤਾ ਰਾਣੀ ਪ੍ਰਿੰਸੀਪਲ ਸਟੇਟ ਕਾਲਜ ਆਫ ਐਜੂਕੇਸ਼ਨ ਨੇ ਕੀਤੀ। ਇਸ ਮੌਕੇ ਡਾ ਮਲਕੀਤ ਸਿੰਘ ਮਾਨ ਸਹਾਇਕ ਡਾਇਰੈਕਟਰ ਯੂਥ ਸਰਵਿਸ ਵਿਭਾਗ ਪਟਿਆਲਾ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਵਿਸ਼ੇਸ਼ ਤੌਰ ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾ ਰੋਹਿਤ ਗਰਗ ਪ੍ਰੋਫੈਸਰ ਅਤੇ ਮੁੱਖੀ ਨਸ਼ਾ ਛੁਡਾਊ ਕੇਂਦਰ ਰਾਜਿੰਦਰਾ ਹਸਪਤਾਲ, ਯਾਦਵਿੰਦਰ ਸਿੰਘ ਵਿਰਕ ਕੋਆਰਡੀਨੇਟਰ ਪ੍ਰੋਜੈਕਟ ਦਿਸ਼ਾ ਪੰਜਾਬ ਏਡਜ਼ ਕੰਟਰੋਲ ਸੁਸਾਇਟੀ ਤੋਂ ਇਲਾਵਾ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਡਾ ਚਾਰੂ ਗੌਤਮ ਫਿਓਜੋਥੈਰਪਰ,ਕੌਸਲਰ ਅਮਰਜੀਤ ਕੌਰ,ਕੌਸਲਰ ਜਸਪ੍ਰੀਤ ਸਿੰਘ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ, ਪੋਸਟਰ ਮੇਕਿੰਗ ,ਚਾਰਟ ਮੁਕਾਬਲੇ ਦੇ ਜੱਜ ਪ੍ਰੋਫੈਸਰ ਨਵਨੀਤ ਕੌਰ ਜੇਜੀ, ਲੈਕਚਰਾਰ ਗੁਰਸ਼ਰਨਦੀਪ ਸਿੰਘ ਬਰਾੜ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਡਾ ਰੋਹਿਤ ਗਰਗ, ਯਾਦਵਿੰਦਰ ਵਿਰਕ, ਡਾ ਅਨਹਦ ਗਿੱਲ, ਨਵਜੋਤ ਧਾਲੀਵਾਲ, ਡਾਕਟਰ ਮਲਕੀਤ ਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੰਬਾਕੂ ਦੇ ਸੇਵਨ ਕਰਨ ਨਾਲ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ ਹਰ ਰੋਜ਼ 14000 ਹਜ਼ਾਰਾਂ ਮੌਤਾ ਹੁੰਦੀਆਂ ਹਨ , ਅਤੇ ਤੰਬਾਕੂ ਦੇ ਸੇਵਨ ਕਰਨ ਨਾਲ ਫੇਫੜਿਆਂ ਦਾ ਕੈਂਸਰ,ਮੂੰਹ ਦੇ ਕੈਂਸਰ ਵਿਚ ਬਹੁਤ ਭਾਰੀ ਵਾਧਾ ਹੋ ਰਿਹਾ ਹੈ ,ਜਿਸ ਕਾਰਨ ਤਾਬਕੂ ਦਾ ਸੇਵਨ ਕਰਨ ਵਾਲਾ ਵਿਅਕਤੀ ਕੈਂਸਰ ਕਾਰਨ ਮੌਤ ਦੇ ਮੂੰਹ ਵਿਚ ਚੱਲਾ ਜਾਂਦਾ ਹੈ।ਉਹਨਾਂ ਇਸ ਮੌਕੇ ਨੋਜਵਾਨ ਲੜਕੀਆਂ ਅਤੇ ਨੋਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦਿਆ ਕਿਹਾ ਕਿ ਉਹੋ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਪਬਲਿਕ ਨੂੰ ਜਾਗਰੂਕ ਕਰਨ।ਉਹਨਾਂ ਨੇ ਕਿਹਾ ਐਨ ਐਸ ਐਸ ਦੇ ਵਲੰਟੀਅਰਜ਼ ਵੱਲੋਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਅਤੇ ਪਿੰਡਾਂ , ਸ਼ਹਿਰਾਂ ਵਿੱਚ ਜਾਂ ਕੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਹ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਸਾਰੇ ਵਰਗਾਂ ਦੇ ਲੋਕਾਂ ਨੂੰ ਵੀ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕਠੇ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਅੱਗੇ ਆਉਣ ਚਾਹੀਦਾ ਹੈ ਤਾਂ ਹੀ ਅਸੀਂ ਨਸ਼ਿਆਂ ਨੂੰ ਪੰਜਾਬ ਵਿਚੋਂ ਜੜੋਂ ਖਤਮ ਕਰ ਸਕਾਂਗੇ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅੱਗੇ ਆ ਕੇ ਲੜਾਈ ਲੜਨ ਅਤੇ ਨਸਾ ਤਸਕਰਾਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਸਾਰਿਆਂ ਨੂੰ ਨਸ਼ਿਆਂ ਵਿਰੁੱਧ ਸੌਂਹ ਵੀ ਚੁਕਾਈ ਗਈ । ਇਸ ਮੌਕੇ ਵੱਖ ਵੱਖ ਕਾਲਜਾਂ ਦੇ ਐਨ ਐਸ ਐਸ ਵਲੰਟੀਅਰਜ਼ ਦਾ ਪੇਂਟਿੰਗ , ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂਆਂ ਨੂੰ ਸਰਟੀਫਿਕੇਟ ,ਮੈਡਲ ਅਤੇ ਸਾਰੇ ਵਲੰਟੀਅਰਜ਼ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

# ਪੰਜਾਬ ਸਰਕਾਰ ਦੀ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਵੱਲ ਇਤਿਹਾਸਕ ਕਦਮ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਔਰਤਾਂ ਦੇ ਸਨਮਾਨ, ਆਰਥਿਕ ਮਜ਼ਬੂਤੀ ਅਤੇ ਸਮਾਜਿਕ ਸੁਰੱਖਿਆ ਲਈ ਅਹਿਮ ਤੇ ਇਤਿਹਾਸਕ ਕਦਮ ਚੁੱਕਦਿਆਂ ਸੂਬੇ ਦੀਆਂ ਮਹਿਲਾਵਾਂ ਲਈ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਲਾਗੂ ਕੀਤੀ ਹੈ।ਇਹ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਤੇਜਿੰਦਰ ਮਹਿਤਾ ਅਤੇ ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਹਰਪਾਲ ਸਿੰਘ ਵਿਰਕ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।

ਇਸ ਮੌਕੇ ਉਨ੍ਹਾਂ ਦੇ ਨਾਲ ਮੌਜੂਦ ਆਪ ਦੇ ਮਹਿਲਾ ਵਿੰਗ ਦੀ ਜ਼ੋਨ ਇੰਚਾਰਜ ਵੀਰਪਾਲ ਕੌਰ ਚਹਿਲ, ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਆਰਤੀ ਗੁਪਤਾ ਅਤੇ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਮੁਕਤਾ ਗੁਪਤਾ, ਹਲਕਾ ਇੰਚਾਰਜ ਮਨਜੀਤ ਕੌਰ ਤੇ ਰੂਬੀ ਭਾਟੀਆ, ਹਲਕਾ ਕੁਆਰਡੀਨੇਟਰ ਜਤਿੰਦਰ ਕੌਰ ਐਸਕੇ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਨੇ ਔਰਤਾਂ ਦਾ ਉਨ੍ਹਾਂ ਦੇ ਪਰਿਵਾਰਾਂ ਤੇ ਸਮਾਜ ਵਿੱਚ ਸਨਮਾਨ ਵਧਾਇਆ ਹੈ।

ਇੱਥੇ ਪ੍ਰੈਸ ਕਾਨਫਰੰਸ ਕਰਦਿਆਂ ਸਾਰੇ ਆਗੂਆਂ ਨੇ ਇੱਕੋ ਅਵਾਜ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹਮੇਸ਼ਾ ਮਹਿਲਾਵਾਂ ਦੇ ਸਨਮਾਨ ਅਤੇ ਉਨ੍ਹਾਂ ਦੀ ਤਰੱਕੀ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਨਾ ਸਿਰਫ਼ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰੇਗੀ ਸਗੋਂ ਪਰਿਵਾਰ ਅਤੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਬਣਾਏਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰ ਰਹੀ ਹੈ ਅਤੇ ਇਹ ਯੋਜਨਾ ਵੀ ਚੋਣਾਂ ਦੌਰਾਨ ਦਿੱਤੀ ਗਈ ਇੱਕ ਮਹੱਤਵਪੂਰਨ ਗਰੰਟੀ ਨੂੰ ਪੂਰਾ ਕਰਨ ਵੱਲ ਵੱਡਾ ਕਦਮ ਹੈ।

ਤੇਜਿੰਦਰ ਮਹਿਤਾ ਅਤੇ ਹਰਪਾਲ ਸਿੰਘ ਵਿਰਕ ਨੇ ਇਸ ਯੋਜਨਾ ਨੂੰ ਇੱਕ ਵੱਡਾ ਅਤੇ ਇਤਿਹਾਸਕ ਕਦਮ ਕਰਾਰ ਦਿੰਦਿਆਂ ਦੱਸਿਆ ਕਿ ਇਹ ਯੋਜਨਾ ਪੰਜਾਬ ਸਰਕਾਰ ਦੇ ਬਜਟ 2026-27 ਵਿੱਚ ਐਲਾਨੀ ਗਈ ਹੈ ਅਤੇ ਇਸ ਲਈ ਲਗਭਗ 9,300 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

# ਹਰਪਾਲ ਜੁਨੇਜਾ ਨੇ ਕੌਮਾਂਤਰੀ ਮਹਿਲਾ ਕਰਮਚਾਰਣਾਂ ਲਈ ਮੁਫ਼ਤ ਬੀਮਾ ਯੋਜਨਾ ਦਾ ਤੋਹਫ਼ਾ




**ਪਟਿਆਲਾ, 14 ਮਾਰਚ/ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ ਅਤੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਦੀ ਰਹਿਨੁਮਾਈ ਹੇਠ ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਔਰਤ ਮੁਲਾਜ਼ਮਾਂ ਦੀ ਭਲਾਈ ਲਈ ਇੱਕ ਵਿਸ਼ੇਸ਼ ਅਤੇ ਸਰਾਹਣਯੋਗ ਉਪਰਾਲਾ ਕੀਤਾ ਹੈ। ਇਸ ਤਹਿਤ ਮਹਿਲਾ ਕਰਮਚਾਰਣਾਂ ਨੂੰ ਯੂ ਆਈ ਆਈ ਸੀ (ਯੂਨਾਇਟਿਡ ਇੰਡੀਆ ਇੰਸ਼ੋਰੈਸ ਕੰਪਨੀ) ਨਾਲ ਰਾਬਤਾ ਕਾਇਮ ਕਰਦੇ ਹੋਏ 2,50,000 ਰੁਪਏ ਕਵਰ ਕਰਦੀ ਪੀ.ਏ ਪਾਲਿਸੀ ਦੀ ਮੁਫ਼ਤ ਮਹਿਲਾ ਬੀਮਾ ਯੋਜਨਾ ਦਾ ਤੋਹਫ਼ਾ ਦਿੱਤਾ ਗਿਆ ਹੈ। ਇਸ ਬੀਮਾ ਯੋਜਨਾ ਦਾ ਪੂਰਾ ਖਰਚਾ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਆਪਣੇ ਨਿੱਜੀ ਤੌਰ 'ਤੇ ਭਰਿਆ ਗਿਆ।

ਐਡਵੋਕੇਟ ਜੁਨੇਜਾ ਨੇ ਕਿਹਾ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਸੁਰੱਖਿਆ ਅਤੇ ਸਨਮਾਨ ਪ੍ਰਦਾਨ ਕਰਨਾ ਹੈ। ਇਸ ਦੌਰਾਨ ਅਦਾਰੇ ਦੀਆਂ ਔਰਤ ਕਰਮਚਾਰੀਆਂ ਨੇ ਪੀ ਆਰ ਟੀ ਸੀ ਚੇਅਰਮੈਨ ਜੁਨੇਜਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਐਡਵੋਕੇਟ ਹਰਪਾਲ ਜੁਨੇਜਾ ਅਜਿਹੇ ਪਹਿਲੇ ਚੇਅਰਮੈਨ ਹਨ, ਜਿਨ੍ਹਾਂ ਨੇ ਅਦਾਰੇ ਦੀਆਂ ਮਹਿਲਾ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ। ਇਸ ਮੌਕੇ ਪੀ.ਆਰ.ਟੀ.ਸੀ. ਦੇ ਅਧਿਕਾਰੀ, ਕਰਮਚਾਰੀਆਂ ਤੋਂ ਇਲਾਵਾ ਸੰਦੀਪ ਕਥੂਰੀਆ ਅਤੇ ਬੀਮਾ ਕੰਪਨੀ ਦੇ ਬ੍ਰਾਚ ਮੈਨੇਜਰ ਹਰਪ੍ਰੀਤ ਸਿੰਘ ਵੀ ਮੌਜੂਦ ਸਨ।

# ਸਰਕਾਰੀ ਮਹਿੰਦਰਾ ਕਾਲਜ ਦੀ ਓਲਡ ਸਟੂਡੈਂਟ ਐਸੋਸੀਏਸ਼ਨ ਨੇ ਕਾਲਜ ਦੀ 150 ਸਾਲਾ ਸਥਾਪਨਾ ਨੂੰ ਸਮਰਪਿਤ ਕੁਇਜ ਮੁਕਾਬਲਾ ਕਰਵਾਇਆ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿੱਚ ਓਲਡ ਸਟੂਡੈਂਟ ਐਸੋਸੀਏਸ਼ਨ (ਓਐਸਏ) ਦੇ ਵਿਸ਼ੇਸ਼ ਸਹਿਯੋਗ ਨਾਲ ਕਾਲਜ ਦੇ 150 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਇੱਕ ਕੁਇਜ ਮੁਕਾਬਲਾ ਕਰਵਾਇਆ ਗਿਆ। ਕਾਲਜ ਦੀ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਅਜਿਹੀਆਂ ਬੌਧਿਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੁਕਾਬਲੇ ਵਿੱਚ ਕੁੱਲ 126 ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ। ਪਹਿਲਾਂ ਲਿਖਤੀ ਟੈਸਟ ਲਿਆ ਗਿਆ, ਜਿਸ ਵਿੱਚੋਂ 49 ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।

ਇਨ੍ਹਾਂ ਵਿੱਚੋਂ 10 ਵਿਦਿਆਰਥੀ ਅੰਤਿਮ ਦੌਰ ਲਈ ਚੁਣੇ ਗਏ। ਅੰਤਮ ਨਤੀਜੇ ਅਨੁਸਾਰ, ਪਹਿਲਾ ਸਥਾਨ ਅਦਿਤਿਆ ਅਗਰਵਾਲ (ਬੀ ਐਸ ਸੀ ਭਾਗ ਤੀਜਾ) ਨੇ ਹਾਸਿਲ ਕੀਤਾ ਅਤੇ ਉਨ੍ਹਾਂ ਨੂੰ ਕਿਤਾਬਾਂ ਦੇ ਸੈੱਟ ਦੇ ਨਾਲ-ਨਾਲ 3,000 ਰੁਪਏ ਨਗਦ ਇਨਾਮ ਦਿੱਤਾ ਗਿਆ। ਦੂਸਰਾ ਸਥਾਨ ਪ੍ਰਭਜੀਤ ਕੌਰ (ਐਮ ਏ ਇਤਿਹਾਸ) ਨੇ ਹਾਸਿਲ ਕੀਤਾ, ਜਿਸ ਲਈ ਉਨ੍ਹਾਂ ਨੂੰ ਕਿਤਾਬਾਂ ਦੇ ਸੈੱਟ ਅਤੇ 2,000 ਰੁਪਏ ਨਗਦ ਇਨਾਮ ਮਿਲਿਆ। ਤੀਸਰਾ ਸਥਾਨ ਜਗਸੀਰ ਸਿੰਘ (ਪੀ ਜੀ ਡਿਪਲੋਮਾ ਇਨ ਯੋਗਾ) ਨੇ ਹਾਸਿਲ ਕੀਤਾ ਅਤੇ ਉਨ੍ਹਾਂ ਨੂੰ ਕਿਤਾਬਾਂ ਦੇ ਸੈੱਟ ਨਾਲ 1,000 ਰੁਪਏ ਨਗਦ ਇਨਾਮ ਦਿੱਤਾ ਗਿਆ। ਇਸ ਤੋਂ ਇਲਾਵਾ, ਦੋ ਵਿਦਿਆਰਥੀਆਂ - ਵਿਜੇ ਕੁਮਾਰ (ਐਮ ਏ ਰਾਜਨੀਤੀ ਸ਼ਾਸਤਰ) ਅਤੇ ਸੀਏ (ਬੀਏ ਭਾਗ ਤੀਜਾ) - ਨੂੰ ਹੌਂਸਲਾ ਵਧਾਊ ਇਨਾਮ ਦੇ ਤੌਰ 'ਤੇ ਪ੍ਰਸ਼ੰਸਾ ਪੱਤਰ ਦੇ ਨਾਲ-ਨਾਲ 500 ਰੁਪਏ ਨਗਦ ਦਿੱਤਾ ਗਿਆ। ਮੁਕਾਬਲੇ ਵਿੱਚ ਵਿਦਿਆਰਥੀਆਂ ਨੂੰ ਲਗਭਗ 20,000 ਰੁਪਏ ਮੁੱਲ ਦੀਆਂ ਕਿਤਾਬਾਂ ਵੰਡੀਆਂ ਗਈਆਂ।

ਮੁਕਾਬਲੇ ਕਰਵਾਉਣ ਤੇ ਮੁਕੰਮਲ ਕਰਨ ਵਿੱਚ ਕਾਲਜ ਦੀ ਓਐਸਏ ਟੀਮ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਟੀਮ ਵਿੱਚ ਪ੍ਰੋਫੈਸਰ ਸੁਵੀਰ ਸਿੰਘ, ਪ੍ਰੋਫੈਸਰ ਪੁਨੀਤ, ਪ੍ਰੋਫੈਸਰ ਰੀਤੂ ਪ੍ਰਣ ਕੌਸ਼ਲ, ਪ੍ਰੋਫੈਸਰ ਵਿਲੀਅਮਜੀਤ ਸਿੰਘ ਅਤੇ ਪ੍ਰੋਫੈਸਰ ਰਣਦੀਪ ਸਿੰਘ ਸ਼ਾਮਿਲ ਸਨ। ਪ੍ਰੋਗਰਾਮ ਵਿੱਚ ਪ੍ਰੋਫੈਸਰ ਅਸ਼ੋਕ ਵਰਮਾ ਅਤੇ ਓਐਸਏ ਸਕੱਤਰ ਪ੍ਰੋਫੈਸਰ ਐਮ.ਐਸ. ਸੱਲ ਨੇ ਵੀ ਸ਼ਿਰਕਤ ਕੀਤੀ। ਸਟੇਜ ਦਾ ਸੰਚਾਲਨ ਪ੍ਰੋਫੈਸਰ ਪੁਨੀਤ ਨੇ ਕੀਤਾ ਅਤੇ ਕੁਇੱਕ ਮਾਸਟਰ ਪ੍ਰੋਫੈਸਰ ਰਣਦੀਪ ਸਿੰਘ ਰਹੇ। ਸਾਰੇ ਮੁਕਾਬਲੇ ਦਾ ਖਰਚਾ ਤੇਜਿੰਦਰ ਸਿੰਘ ਸਿੱਧੂ (ਕਨੇਡਾ, ਓਐਸਏ ਮੈਂਬਰ) ਨੇ ਉਠਾਇਆ।

# ਸਾਡੀ ਸਰਕਾਰ ਨੇ ਚੋਣ ਮੈਨੀਫੈਸਟੋ ਨੂੰ ਪਵਿੱਤਰ ਦਸਤਾਵੇਜ ਮੰਨਦਿਆਂ ਹਰ ਵਾਅਦਾ ਕੀਤਾ ਪੂਰਾ : ਸਾਕਿਬ ਅਲੀ ਰਾਜਾ



**ਮਲੇਰਕੋਟਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਾਕਿਬ ਅਲੀ ਰਾਜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਰਾਜਨੀਤੀ ਭਰੋਸੇ, ਇਮਾਨਦਾਰੀ ਅਤੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਵਚਨਬੱਧਤਾ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਗਰੰਟੀ ਸਿਰਫ਼ ਚੋਣ ਨਾਰਾ ਨਹੀਂ, ਸਗੋਂ ਲੋਕਾਂ ਨਾਲ ਕੀਤਾ ਗਿਆ ਉਹ ਵਾਅਦਾ ਹੈ ਜਿਸ ਨੂੰ ਪੂਰਾ ਕਰਨਾ ਪਾਰਟੀ ਦੀ ਜ਼ਿੰਮੇਵਾਰੀ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਵਾਅਦੇ ਨੂੰ ਪੂਰਾ ਕਰਕੇ ਦਿਖਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਾਕਿਬ ਅਲੀ ਰਾਜਾ ਨੇ ਪ੍ਰੈਸ ਮਿਲਣੀ ਮੌਕੇ ਕੀਤਾ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੀ ਹਰੇਕ ਗਾਰੰਟੀ ਨੂੰ ਪੂਰਾ ਕਰਦਿਆਂ ਹਾਲ ਵਿੱਚ ਪੇਸ਼ ਹੋਏ ਬਜ਼ਟ ਵਿਚ ਰਾਜ ਦੀਆਂ ਮਹਿਲਾਵਾਂ ਨੂੰ ਇਕ ਹਜ਼ਾਰ ਰੁਪਏ ਦੇਣ ਦੇ ਵਾਅਦੇ ਨੂੰ ਵੀ ਪੂਰਾ ਕਰ ਦਿੱਤਾ ਹੈ, ਜਿਸਦੀ ਹਰ ਵਰਗ ਦੀਆਂ ਮਹਿਲਾਵਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਮਾਜਿਕ ਨਿਆਂ ਅਤੇ ਮਹਿਲਾਵਾਂ ਦੇ ਵਧੇਰੇ ਸਸ਼ਕਤੀਕਰਨ ਨੂੰ ਯਕੀਨੀ ਬਣਾਉਣ ਲਈ ਇਤਿਹਾਸਕ ਫੈਸਲਾ ਲਿਆ ਗਿਆ ਹੈ।

ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ 18 ਸਾਲ ਤੋਂ ਵੱਧ ਦੀਆਂ ਐਸ.ਸੀ ਵਰਗ ਨਾਲ ਸਬੰਧਿਤ ਔਰਤਾਂ ਨੂੰ ਹਰ ਮਹੀਨੇ 1500 ਰੁਪਏ ਅਤੇ ਜਨਰਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਯੋਜਨਾ ਲਈ ਬਜਟ ਵਿੱਚ ਲਗਭਗ 9300 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਅਤੇ ਇਸ ਤਹਿਤ ਦਿੱਤੀ ਜਾਣ ਵਾਲੀ ਰਕਮ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਜਾਵੇਗੀ, ਜਿਸ ਨਾਲ ਪੂਰੀ ਪ੍ਰਕਿਰਿਆ ਪਾਰਦਰਸ਼ੀ ਬਣੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਹਿਲਾਵਾਂ ਦੀ ਭਲਾਈ ਲਈ ਪਹਿਲਾਂ ਵੀ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਮਹਿਲਾਵਾਂ ਲਈ ਮੁਫ਼ਤ ਬੱਸ ਯਾਤਰਾ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਮੁਫ਼ਤ ਇਲਾਜ ਅਤੇ ਘਰਾਂ ਲਈ ਮੁਫ਼ਤ ਬਿਜਲੀ ਵਰਗੇ ਫੈਸਲਿਆਂ ਨੇ ਮਿਲ ਕੇ ਪੰਜਾਬ ਦੀਆਂ ਮਹਿਲਾਵਾਂ ਲਈ ਮਜ਼ਬੂਤ ਸਮਾਜਿਕ ਸੁਰੱਖਿਆ ਢਾਂਚਾ ਤਿਆਰ ਕੀਤਾ ਹੈ।

# ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਸਾਹਿਬ ਦੀ ਮਹੀਨਾਵਾਰ ਮੀਟਿੰਗ ਹੋਈ



**ਮਲੇਰਕੋਟਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾ ਕਾਂਗਰਸ ਮਾਛੀਵਾੜਾ ਸਾਹਿਬ ਦੇ ਸਮੂਹ ਅਹੁਦੇਦਾਰਾਂ ਦੀ ਮੀਟਿੰਗ ਅਮਰਿੰਦਰ ਸਿੰਘ ਰਾਜਾ ਵੜਿੰਗ ਪੰਜਾਬ ਪ੍ਰਧਾਨ ਅਤੇ ਲਖਵਿੰਦਰ ਸਿੰਘ ਲੱਖਾ ਜਿਲ੍ਹਾ ਪ੍ਰਧਾਨ ਦੀਆਂ ਹਦਾਇਤਾਂ ਤੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਪਰਮਿੰਦਰ ਤਿਵਾੜੀ ਬਲਾਕ ਕਾਂਗਰਸ ਪ੍ਰਧਾਨ ਨੇ ਕੀਤੀ। ਇਸ ਵਿੱਚ ਵਿਸ਼ੇਸ਼ ਤੌਰ ਤੇ ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ ਕਾਂਗਰਸ ਪਾਰਟੀ ਸਮਰਾਲਾ ਵੀ ਪਹੁੰਚੇ। ਇਸ ਮੀਟਿੰਗ ਵਿੱਚ ਬਰਨਾਲੇ ਵਿਖੇ ਹੋਈ ਰਾਹੁਲ ਗਾਂਧੀ ਦੀ ਰੈਲੀ (ਮਨਰੇਗਾ ਅਤੇ ਕਿਸਾਨ ਬਚਾਓ ਰੈਲੀ) ਅਤੇ ਚੰਡੀਗੜ੍ਹ ਵਿਖੇ 48,000 ਰੁਪਏ ਨੂੰ ਲੈ ਕੇ ਵੱਡੇ ਰੋਸ ਪ੍ਰਦਰਸ਼ਨ ਵਿੱਚ ਅਤੇ ਮਹਿਲਾ ਕਾਂਗਰਸ ਵੱਲੋਂ 8 ਤਰੀਕ ਨੂੰ ਚੰਡੀਗੜ੍ਹ ਵਿਖੇ ਕੀਤੇ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਤੇ ਸਾਰੇ ਕਾਂਗਰਸ ਦੇ ਵਰਕਰਾਂ ਦਾ ਮਹਿਲਾ ਕਾਂਗਰਸ, ਯੂਥ ਕਾਂਗਰਸ, ਐਸ.ਸੀ ਡਿਪਾਰਟਮੈਂਟ, ਬੀ.ਸੀ ਡਿਪਾਰਟਮੈਂਟ, ਰਾਜੀਵ ਗਾਂਧੀ ਪੰਚਾਇਤ ਰਾਜ ਆਦਿ ਦੇ ਸਾਰੇ ਆਹੁਦੇ ਸਾਹਿਬਾਨਾਂ ਦਾ ਧੰਨਵਾਦ ਕੀਤਾ। ਸਾਰੇ ਆਹੁਦੇਦਾਰ ਸਾਹਿਬਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਦੇ ਹਰ ਇੱਕ ਪ੍ਰੋਗਰਾਮ ਲਈ ਤਿਆਰ ਰਹਿਣ ਲਈ ਕਿਹਾ ਗਿਆ। ਮੀਟਿੰਗ ਦੇ ਵਿੱਚ ਕਾਂਗਰਸ ਦੇ ਅਹੁਦੇਦਾਰਾਂ ਦੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਕਾਂਗਰਸ ਪਾਰਟੀ ਦੇ ਸਾਰੇ ਅਹੁਦੇਦਾਰਾਂ ਨੂੰ, ਪੰਜਾਬ ਦੀਆਂ ਮਹਿਲਾਂ ਨੂੰ ਪੰਜਾਬ ਸਰਕਾਰ ਵੱਲੋਂ 48,000 ਰੁਪਏ ਨਾ ਦੇਣ ਤੇ ਪੰਜਾਬ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਹੈ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਸਰਕਾਰ ਦੇ ਖਿਲਾਫ ਵੱਡੇ ਪ੍ਰਦਰਸ਼ਨ ਕਰਕੇ ਸਰਕਾਰ ਨੂੰ ਹਰ ਮੁੱਦੇ ਤੇ ਘੇਰਿਆ ਜਾਵੇਗਾ। ਕਾਂਗਰਸ ਪਾਰਟੀ ਵਲੋਂ ਪਰਮਿੰਦਰ ਤਿਵਾੜੀ ਨੂੰ ਦੁਆਰਾ ਤੋਂ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਸਾਹਿਬ ਦਾ ਪ੍ਰਧਾਨ ਬਣਨ ਤੇ ਸਾਰੇ ਅਹੁਦੇਦਾਰ ਸਾਹਿਬਾਨਾਂ ਨੇ ਵਧਾਈਆਂ ਦਿੱਤੀ ਗਈਆਂ।

ਇਸ ਮੌਕੇ ਜਸਪ੍ਰੀਤ ਸਿੰਘ ਸਹਿਜੋਮਾਜਰਾ, ਪ੍ਰਧਾਨ ਨੰਦ ਕਿਸ਼ੋਰ, ਸੁਖਦੀਪ ਸਿੰਘ ਬਾਜਵਾ, ਵਨੀਤ ਕੁਮਾਰ ਝੜੌਦੀ,ਮਨਜੀਤ ਸਿੰਘ, ਹਜਾਰਾ ਸਿੰਘ, ਚਰਨਜੀਤ ਸਿੰਘ, ਸ਼ੇਰ ਸਿੰਘ, ਕੁਲਵੰਤ ਸਿੰਘ, ਗਗਨਦੀਪ ਸਿੰਘ ਬਰਮਾ, ਸਤਿੰਦਰ ਸਿੰਘ, ਵਰੁਨ ਖੋਸਲਾ, ਯੁਵਰਾਜਜੀਤ ਸਿੰਘ ਰਾਏ, ਕੁਲਵਿੰਦਰ ਸ਼ੇਰੀਆਂ,ਅਮਨਦੀਪ ਸਿੰਘ, ਸੁਖਦੀਪ ਸਿੰਘ, ਰਾਕੇਸ਼ ਕੁਮਾਰ ਸ਼ਿੰਦੂ ਆਦਿ ਮੌਜੂਦ ਸਨ।

# ਲੁਧਿਆਣਾ ਵਿੱਚ LPG, ਡੀਜ਼ਲ ਤੇ ਪੈਟਰੋਲ ਦੀ ਕੋਈ ਘਾਟ ਨਹੀਂ, ਘਬਰਾਹਟ ਵਿੱਚ ਖਰੀਦਾਰੀ ਨਾ ਕਰੋ :ਡਿਪਟੀ ਕਮਿਸ਼ਨਰ



**ਲੁਧਿਆਣਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਸਪੱਸ਼ਟ ਕੀਤਾ ਕਿ ਲੁਧਿਆਣਾ ਵਿੱਚ LPG ਗੈਸ ਸਿਲਿੰਡਰ, ਡੀਜ਼ਲ ਅਤੇ ਪੈਟਰੋਲ ਦੀ ਪੂਰੀ ਮਾਤਰਾ ਵਿੱਚ ਸਪਲਾਈ ਉਪਲਬਧ ਹੈ ਅਤੇ ਲੋਕਾਂ ਨੂੰ ਘਬਰਾਹਟ ਵਿੱਚ ਖਰੀਦਾਰੀ ਕਰਨ ਦੀ ਕੋਈ ਲੋੜ ਨਹੀਂ ਹੈ।

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਸਪਲਾਈ ਚੇਨ ਪੂਰੀ ਤਰ੍ਹਾਂ ਸੁਚਾਰੂ ਤਰੀਕੇ ਨਾਲ ਚੱਲ ਰਹੀ ਹੈ ਅਤੇ ਮੌਜੂਦਾ ਸਟਾਕ ਲੋਕਾਂ ਦੀ ਲੋੜ ਨੂੰ ਪੂਰਾ ਕਰਨ ਲਈ ਕਾਫ਼ੀ ਹੈ।

ਉਨ੍ਹਾਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਅਫਵਾਹਾਂ ਤੋਂ ਪ੍ਰਭਾਵਿਤ ਨਾ ਹੋਣ ਅਤੇ ਪੈਨਿਕ ਬਾਇੰਗ ਤੋਂ ਬਚਣ, ਕਿਉਂਕਿ ਇਸ ਨਾਲ ਕ੍ਰਿਤ੍ਰਿਮ ਘਾਟ ਪੈਦਾ ਹੋ ਸਕਦੀ ਹੈ ਅਤੇ ਸਪਲਾਈ ਪ੍ਰਣਾਲੀ ਪ੍ਰਭਾਵਿਤ ਹੁੰਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ LPG, ਡੀਜ਼ਲ ਅਤੇ ਪੈਟਰੋਲ ਦੇ ਸਟਾਕ ਅਤੇ ਸਪਲਾਈ ਦੀ ਰੋਜ਼ਾਨਾ ਵਿਸਥਾਰਤ ਰਿਪੋਰਟ ਮੰਗੀ ਜਾ ਰਹੀ ਹੈ ਤਾਂ ਜੋ ਆਵਸ਼ਕ ਇੰਧਨਾਂ ਦੀ ਉਪਲਬਧਤਾ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਰਫ਼ ਸਰਕਾਰੀ ਜਾਣਕਾਰੀ 'ਤੇ ਹੀ ਭਰੋਸਾ ਕੀਤਾ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਫੈਲਾਉਣ ਤੋਂ ਬਚਿਆ ਜਾਵੇ।

ਇਸ ਸਬੰਧੀ ਐਡਿਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਨੇ LPG ਗੈਸ ਏਜੰਸੀਜ਼ ਅਤੇ ਤੇਲ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਸਪਲਾਈ ਦੀ ਮੌਜੂਦਾ ਸਥਿਤੀ ਦੀ ਸਮੀਖਿਆ ਵੀ ਕੀਤੀ।

# ਭਗਵੰਤ ਮਾਨ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਨੇ ਮੰਡੋਲੀ ਦੇ ਮਕੈਨਿਕ ਨੂੰ 90,000 ਰੁਪਏ ਦੇ ਡਾਕਟਰੀ ਕਰਜ਼ੇ ਤੋਂ ਬਚਾਇਆ

## ਮੁੱਖ ਮੰਤਰੀ ਸਿਹਤ ਯੋਜਨਾ ਆਮ ਪਰਿਵਾਰਾਂ ਦੇ ਇਲਾਜ ਲਈ ਵਰਦਾਨ ਹੋਈ ਸਾਬਤ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਆਮ ਘਰਾਂ ਦੇ ਪਰਿਵਾਰਾਂ ਦੇ ਇਲਾਜ ਲਈ ਵਰਦਾਨ ਸਾਬਤ ਹੋ ਰਹੀ ਹੈ, ਕਿਉਂਕਿ ਦਿਹਾੜੀਦਾਰ ਮਜ਼ਦੂਰੀ 'ਤੇ ਨਿਰਭਰ ਪਰਿਵਾਰਾਂ ਲਈ, ਹਸਪਤਾਲ ਵਿੱਚ ਥੋੜ੍ਹੇ ਸਮੇਂ ਲਈ ਰਹਿਣਾ ਵੀ ਮਹੀਨਿਆਂ ਦੀ ਕਮਾਈ ਨੂੰ ਖਤਮ ਕਰ ਸਕਦਾ ਹੈ।

ਇਸ ਯੋਜਨਾ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਮੰਡੋਲੀ ਦੇ ਇੱਕ ਮਕੈਨਿਕ ਗੁਰਤੇਜ ਸਿੰਘ ਨੂੰ 90 ਹਜ਼ਾਰ ਰੁਪਏ ਦੇ ਡਾਕਟਰੀ ਇਲਾਜ ਕਰਜੇ ਤੋਂ ਬਚਾਇਆ ਹੈ। ਉਸ ਨੇ ਪੰਜਾਬ ਸਰਕਾਰ ਵੱਲੋਂ ਇਹ ਸਕੀਮ ਸ਼ੁਰੂ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਹੈਕਿ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਮਤਲਬ ਨਾ ਸਿਰਫ਼ ਆਮਦਨੀ ਗੁਆਉਣਾ ਸੀ ਬਲਕਿ ਡਾਕਟਰੀ ਕਰਜ਼ੇ ਦੇ ਵਧਣ ਦਾ ਖ਼ਤਰਾ ਵੀ ਉਸਦੇ ਸਿਰ ਉਪਰ ਮੰਡਰਾ ਰਿਹਾ ਸੀ।

ਉਸ ਨੇ ਦੱਸਿਆ ਕਿ ਚਮਨ ਹਸਪਤਾਲ, ਬਹਾਦਰਗੜ੍ਹ ਵਿੱਚ ਦਾਖਲ ਹੋਣ ਦੇ ਕੁਝ ਦਿਨਾਂ ਦੇ ਅੰਦਰ, ਉਸਦੇ ਪਰਿਵਾਰ ਨੇ ਬੈੱਡ ਦੇ ਖਰਚਿਆਂ ਅਤੇ ਦਵਾਈਆਂ 'ਤੇ ਲਗਭਗ 10,000 ਰੁਪਏ ਖਰਚ ਕੀਤੇ ਸਨ। ਇਲਾਜ ਕਰ ਰਹੇ ਡਾਕਟਰਾਂ ਨੇ ਦੱਸਿਆ ਸੀ ਕਿ ਉਸਦੇ ਇਲਾਜ ਉਪਰ ਕੁੱਲ ਖਰਚਾ 80,000-90,000 ਰੁਪਏ ਤੱਕ ਤੱਕ ਆਵੇਗਾ। ਗੁਰਤੇਜ ਸਿੰਘ ਨੇ ਕਿਹਾ ਕਿ ਉਸ ਨੂੰ ਉਸ ਵੇਲੇ ਰਾਹਤ ਦਾ ਸਾਹ ਆਇਆ ਜਦੋਂ ਉਸਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀ ਇਸ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਪਤਾ ਲੱਗਿਆ। ਗੁਰਤੇਜ ਸਿੰਘ ਨੇ ਦੱਸਿਆ ਕਿ ਉਸ ਨੇ ਤੁਰੰਤ ਆਪਣਾ ਕਾਰਡ ਬਣਵਾਇਆ ਅਤੇ ਉਸ ਨੂੰ ਹਸਪਤਾਲ ਵਿਖੇ ਇੱਕ ਵਾਰ ਦਾਖਲ ਹੋਣ ਤੋਂ ਬਾਅਦ, ਉਸਨੂੰ ਬਿਨਾਂ ਕਿਸੇ ਵਾਧੂ ਭੁਗਤਾਨ ਦੇ ਛੇ ਦਿਨਾਂ ਦਾ ਪੂਰਾ ਇਲਾਜ ਮਿਲਿਆ, ਜਿਸਦੇ ਖਰਚੇ ਇਸ ਸਕੀਮ ਦੇ ਅਧੀਨ ਕਵਰ ਕੀਤੇ ਗਏ।

ਇਸੇ ਦੌਰਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦਾ ਕਹਿਣਾ ਸੀ ਕਿ ਸਾਡਾ ਧਿਆਨ ਇਹ ਯਕੀਨੀ ਬਣਾਉਣਾ ਵੱਲ ਹੈ ਕਿ ਘੱਟ ਤੇ ਅਨਿਯਮਤ ਆਮਦਨ ਵਾਲੇ ਪਰਿਵਾਰ ਵੀ ਬਿਨਾਂ ਕਿਸੇ ਡਰ ਦੇ ਬਿਹਤਰ ਇਲਾਜ ਸਹੂਲਤ ਲੈ ਸਕਣ, ਕਿਉਂਕਿ ਬਿਮਾਰ ਹੋ ਕੇ ਕਰਜੇ ਤੋਂ ਬਚਣਾ ਵੀ ਬਿਮਾਰੀ ਤੋਂ ਬਚਣ ਜਿੰਨਾਂ ਹੀ ਮਹੱਤਵਪੂਰਨ ਹੈ।

ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਲਗਭਗ 65 ਲੱਖ ਪਰਿਵਾਰਾਂ ਵਿੱਚ ਲਗਭਗ 3 ਕਰੋੜ ਸੂਬਾ ਨਿਵਾਸੀਆਂ ਦੀ ਅਨੁਮਾਨਤ ਕਵਰੇਜ ਅਤੇ 800 ਤੋਂ ਵੱਧ ਹਸਪਤਾਲਾਂ ਵਿੱਚ 2,300 ਤੋਂ ਵੱਧ ਇਲਾਜ ਪੈਕੇਜਾਂ ਤੱਕ ਪਹੁੰਚ ਦੇ ਨਾਲ, ਮੁੱਖ ਮੰਤਰੀ ਸਿਹਤ ਯੋਜਨਾ ਦਾ ਉਦੇਸ਼ ਕੰਮਕਾਜੀ ਪਰਿਵਾਰਾਂ ਨੂੰ ਡਾਕਟਰੀ ਐਮਰਜੈਂਸੀ ਦੌਰਾਨ ਕਰਜ਼ੇ ਵਿੱਚ ਫਸਣ ਤੋਂ ਬਚਾਉਣਾ ਹੈ।

ਇਲਾਜ ਉਪਰੰਤ ਗੁਰਤੇਜ ਸਿੰਘ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਅਸੀਂ ਪੈਸੇ ਦਾ ਪ੍ਰਬੰਧ ਕਿਵੇਂ ਕਰਾਂਗੇ ਅਤੇ ਜੇਕਰ ਉਨ੍ਹਾਂ ਦਾ ਇਹ ਕਾਰਡ ਨਾ ਬਣਦਾ ਤਾਂ, ਉਨ੍ਹਾਂ ਨੂੰ ਕਰਜਾ ਚੁੱਕਣਾ ਪੈਣਾ ਸੀ, ਜਿਸ ਨੂੰ ਉਤਾਰਨ ਲਈ ਵੀ ਉਨ੍ਹਾਂ ਨੂੰ ਮਹੀਨਿਆਂ ਤੱਕ ਮੁਸ਼ੱਕਤ ਕਰਨੀ ਪੈਣੀ ਸੀ।ਉਸਨੇ ਕਿਹਾ ਕਿ ਇਸ ਸਕੀਮ ਨੇ ਉਸਦੇ ਪਰਿਵਾਰ ਨੂੰ ਡਾਕਟਰੀ ਕਰਜੇ ਦੇ ਬੋਝ ਤੋਂ ਬਚਾਇਆ ਹੈ ਅਤੇ ਉਸ ਦੀਆਂ ਦੋ ਧੀਆਂ ਦੀ ਸਿੱਖਿਆ ਤੇ ਪਰਿਵਾਰ ਵੀ ਹੁਣ ਠੀਕ ਚੱਲੇਗਾ।

# ਪਟਿਆਲਾ ਡਿਪੂ ਦੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਆਯੋਜਿਤ

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਡਿਪੂ ਦੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਹੋਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਪ੍ਰਧਾਨਗੀ ਸ੍ਰ. ਜਗਤਾਰ ਸਿੰਘ ਚੇਅਰਮੈਨ ਨੇ ਕੀਤੀ। ਮੀਟਿੰਗ ਵਿੱਚ ਸਾਰੇ ਬੁਲਾਰਿਆਂ ਨੇ ਮੈਨੇਜਮੈਂਟ ਅਤੇ ਸਰਕਾਰ ਦੀ ਪੈਨਸ਼ਨਰਾਂ ਪ੍ਰਤੀ ਅਣਦੇਖੀ ਦੀ ਮਿਤੀ ਦੀ ਭਰਪੂਰ ਨਿੰਦਾ ਕੀਤੀ ਅਤੇ ਕੇਂਦਰੀ ਬਾਡੀ ਦੀ ਢਿੱਲੀ ਕਾਰਗੁਜਾਰੀ ਉੱਤੇ ਵੀ ਸਵਾਲ ਉਠਾਏ। ਮੀਟਿੰਗ ਨੂੰ ਮੁੱਖ ਤੌਰ ਤੇ ਸਰਵ ਸ੍ਰੀ ਜ਼ੋਗਿੰਦਰ ਸਿੰਘ ਪ੍ਰਧਾਨ, ਸ਼ਿਵ ਕੁਮਾਰ ਸ਼ਰਮਾ ਸਕੱਤਰ ਜਨਰਲ, ਸੂਰਜ ਭਾਨ ਜਨਰਲ ਸਕੱਤਰ, ਗੁਰਦੀਪ ਸਿੰਘ, ਅਨਿਲ ਕੁਮਾਰ, ਸ਼ਿਵ ਕੁਮਾਰ ਮਿੱਤਲ, ਘੋਲਾ ਸਿੰਘ, ਵਿਨੋਦ ਕੌਸ਼ਲ, ਸ਼ਾਦੀ ਸਿੰਘ, ਜਗਤਾਰ ਸਿੰਘ ਚੇਅਰਮੈਨ ਅਤੇ ਜਰਨੈਲ ਸਿੰਘ ਸਲਾਹਕਾਰ ਨੇ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਖਾਸ ਤੌਰ ਤੇ ਸਰਕਾਰ ਵਿਰੁੱਧ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨਾਲ ਤਾਲਮੇਲ ਅਤੇ ਸਹਿਯੋਗ ਕਰਨ ਤੇ ਜ਼ੋਰ ਦਿੱਤਾ। ਪੈਨਸ਼ਨ, ਤਨਖਾਹ, ਪੇ ਕਮਿਸ਼ਨ ਦੇ ਬਕਾਏ, ਰਿਟਾਇਰ ਹੋਏ ਕਰਮਚਾਰੀਆਂ ਦੇ ਭੱਤੇ ਅਤੇ ਮੈਡੀਕਲ ਬਿੱਲਾਂ ਦੀ ਅਦਾਇਗੀ ਨਾ ਕਰਨ ਕਰਕੇ ਪ੍ਰਬੰਧਕਾਂ ਦੀ ਨਿਖੇਧੀ ਕੀਤੀ। ਸ੍ਰ. ਮਹਿੰਦਰ ਸਿੰਘ ਸੋਹੀ ਨੇ ਸਾਰਿਆਂ ਦਾ ਹਾਜਰੀ ਭਰਨ ਲਈ ਧੰਨਵਾਦ ਕੀਤਾ। ਸਟੇਜ਼ ਦੀ ਕਾਰਵਾਈ ਸ਼ਿਵ ਕੁਮਾਰ ਸ਼ਰਮਾ ਸਕੱਤਰ ਜਨਰਲ ਨੇ ਬਾਖੂਬੀ ਨਿਭਾਈ।

ਮੀਟਿੰਗ ਦੀ ਸਫਲਤਾ ਲਈ ਸਰਵ ਸ੍ਰੀ ਬਖਸ਼ੀਸ਼ ਸਿੰਘ, ਬੀਰ ਸਿੰਘ, ਸੁਖਦੇਵ ਸਿੰਘ ਭੂਪਾ, ਤਰਲੋਕ ਸਿੰਘ ਪੇਂਟਰ, ਬਲਵੰਤ ਸਿੰਘ, ਸੁਰਿੰਦਰ ਬੇਦੀ, ਗੁਰਦੀਪ ਸਿੰਘ ਅਤੇ ਨਿਰਪਾਲ ਸਿੰਘ ਨੇ ਭਰਪੂਰ ਯੋਗਦਾਨ ਪਾਇਆ।

# ਜ਼ਰੂਰਤਮੰਦਾਂ ਦੇ ਕਰਵਾਏ ਬਸੰਤ ਰਿਤੂ ਕਲੱਬ ਨੇ ਮੋਤੀਆ ਬਿੰਦ ਦੇ ਉਪਰੇਸ਼ਨ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਸਾਹਮਣੇ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਅੱਖਾਂ ਦਾ ਮੁਫ਼ਤ ਉਪਰੇਸ਼ਨ ਕੈਂਪ ਆਯੋਜਿਤ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਸੰਤੋਸ਼ ਕੁਮਾਰ ਲਾਲਵਾਨੀ ਨੇ ਕੀਤੀ।

ਇਸ ਕੈਂਪ ਵਿੱਚ ਡਾ. ਆਸ਼ਾ ਪ੍ਰਿਤਪਾਲ ਕੌਰ ਆਈ ਸਰਜਨ ਵਲੋਂ ਮਰੀਜਾਂ ਦਾ ਨਿਰੀਖਣ ਕਰਕੇ ਜਰੂਰਤਮੰਦਾਂ ਦੇ ਉਪਰੇਸ਼ਨ ਕੀਤੇ ਗਏ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਦੱਸਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਹਰ ਮਹੀਨੇ ਜਰੂਰਤਮੰਦ ਬੰਦਿਆਂ ਦੇ ਅੱਖਾਂ ਦੇ ਮੋਤੀਆਂ ਬਿੰਦ ਦੇ ਉਪਰੇਸ਼ਨ ਮੁਫ਼ਤ ਕਰਵਾਏ ਜਾਂਦੇ ਹਨ। ਇਹ ਮਾਸਿਕ ਸੇਵਾ ਪਿਛਲੇ 3 ਸਾਲਾਂ ਤੋਂ ਲਗਾਤਾਰ ਜਾਰੀ ਹੈ। ਇਸ ਕੈਂਪ ਵਿੱਚ ਜਿੱਥੇ ਮੋਤੀਆਬਿੰਦ ਦੇ ਮੁਫ਼ਤ ਲੈਂਜ ਵਾਲੇ ਉਪਰੇਸ਼ਨ ਕਰਵਾਏ ਜਾਂਦੇ ਹਨ ਉਸ ਦੇ ਨਾਲ ਨਾਲ ਮਰੀਜਾਂ ਨੂੰ ਐਨਕਾਂ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਚੱਲ ਰਹੇ ਅੱਖਾਂ ਦੇ ਮੋਤੀਆ ਬਿੰਦ ਦੇ ਲੈਂਜ ਵਾਲੇ ਉਪਰੇਸ਼ਨ ਤਹਿਤ ਹੁਣ ਤੱਕ ਲਗਭਗ 300 ਲੋਕਾਂ ਦੇ ਉਪਰੇਸ਼ਨ ਕਰਵਾਏ ਜਾ ਚੁੱਕੇ ਹਨ। ਇਸ ਕੈਂਪ ਵਿੱਚ ਪੰਜਾਬ ਤੋਂ ਬਾਹਰੇ ਸੂਬਿਆਂ ਤੋਂ ਲੋਕ ਆ ਕੇ ਬਸੰਤ ਰਿਤੂ ਕਲੱਬ ਦੀ ਇਸ ਸੇਵਾ ਦਾ ਲਾਭ ਉਠਾ ਰਹੇ ਹਨ।

ਇਸ ਕੈਂਪ ਵਿੱਚ ਅਵਤਾਰ ਸਿੰਘ, ਮੇਹਰਵਾਨ ਸਿੰਘ ਮਾਗੋ, ਅਸ਼ੋਕ ਨਾਸਰਾ, ਨੀਵ ਨਾਸਰਾ, ਹਰਸ਼ਪ੍ਰੀਤ ਸਿੰਘ, ਜਗਤਾਰ ਸਿੰਘ ਆਦਿ ਨੇ ਭਾਗ ਲਿਆ।

# ਜੰਗ ਕਾਰਨ ਮਿਡਲ ਈਸਟ 'ਚ 3 ਲੱਖ ਭਾਰਤੀ ਕਾਮਿਆਂ ਦੀਆਂ ਨੌਕਰੀਆਂ ਖ਼ਤਰੇ 'ਚ



ਦੁਬਈ: ਪੱਛਮੀ ਏਸ਼ੀਆ 'ਚ ਵਧਦੇ ਤਨਾਅ ਦਾ ਅਸਰ ਹੁਣ ਭਾਰਤ ਤੋਂ ਖਾੜੀ ਦੇਸ਼ਾਂ 'ਚ ਜਾਣ ਵਾਲੇ ਕਾਮਿਆਂ 'ਤੇ ਵੀ ਨਜ਼ਰ ਆਉਣ ਲੱਗਾ ਹੈ। ਈਰਾਨ ਅਤੇ ਖਾੜੀ ਖੇਤਰ ਦੇ ਕੁੱਝ ਹਿੱਸਿਆਂ 'ਚ ਹਮਲਿਆਂ ਦੀਆਂ ਖ਼ਬਰਾਂ ਤੋਂ ਬਾਅਦ ਬੇਯਕੀਨੀ ਵੱਧ ਗਈ ਹੈ ਜਿਸ ਕਾਰਨ ਭਾਰਤ ਤੋਂ ਖਾੜੀ ਸਹਿਯੋਗ ਪਰਿਸ਼ਦ (GCC) ਦੇਸ਼ਾਂ 'ਚ ਕੰਮ ਲਈ ਜਾਣ ਵਾਲੇ ਲੋਕਾਂ ਦੀ ਭਰਤੀ ਪ੍ਰਕਿਰਿਆ ਸੁਸਤ ਪੈ ਗਈ ਹੈ।

ਭਰਤੀ ਏਜੰਸੀਆਂ ਦਾ ਕਹਿਣਾ ਹੈ ਕਿ ਜੇਕਰ ਇਹ ਸਥਿਤੀ ਕੁੱਝ ਮਹੀਨਿਆਂ ਤਕ ਬਣੀ ਰਹਿੰਦੀ ਹੈ ਤਾਂ ਤਿੰਨ ਲੱਖ ਤੋਂ ਵੱਧ ਸੰਭਾਵਿਤ ਨੌਕਰੀਆਂ 'ਤੇ ਅਸਰ ਪੈ ਸਕਦਾ ਹੈ। ਹਾਲਾਂਕਿ ਇਸ ਸਥਿਤੀ ਨੂੰ ਫ਼ਿਲਹਾਲ ਆਰਜ਼ੀ ਮੰਨਿਆ ਜਾ ਰਿਹਾ ਹੈ। ਖਾੜੀ ਦੇਸ਼ਾਂ 'ਚ ਇਸ ਸਮੇਂ ਲਗਭਗ 90 ਲੱਖ ਭਾਰਤੀ ਰਹਿ ਰਹੇ ਹਨ ਅਤੇ ਕੰਮ ਕਰ ਰਹੇ ਹਨ। ਇਨ੍ਹਾਂ 'ਚੋਂ ਵੱਡੀ ਗਿਣਤੀ ਉਸਾਰੀ, ਤੇਲ ਤੇ ਗੈਸ, ਹੌਸਪੀਟੈਲਿਟੀ ਅਤੇ ਸਿਹਤ ਸੇਵਾਵਾਂ ਵਰਗੇ ਖੇਤਰਾਂ 'ਚ ਹੈ। ਸਥਾਨਕ ਸਰਕਾਰਾਂ ਹਾਲਾਤ ਨੂੰ ਆਮ ਵਰਗੇ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਮੌਜੂਦਾ ਤਨਾਅ ਕਾਰਨ ਕੰਪਨੀਆਂ ਅਤੇ ਭਰਤੀ ਏਜੰਸੀਆਂ ਨੇ ਫ਼ਿਲਹਾਲ ਨਵੀਆਂ ਭਰਤੀਆਂ ਦੀ ਰਫ਼ਤਾਰ ਹੌਲੀ ਕਰ ਦਿੱਤੀ ਹੈ।

ਮੁੰਬਈ ਸਥਿਤ ਇੱਕ ਓਵਰਸੀਜ਼ ਭਰਤੀ ਏਜੰਸੀ ਮੁਤਾਬਿਕ ਪੱਛਮੀ ਏਸ਼ੀਆ 'ਚ ਵਧਦੇ ਤਨਾਅ ਕਾਰਨ ਕਾਮਿਆਂ ਦੀ ਆਵਾਜਾਈ ਅਤੇ ਭਰਤੀ 'ਤੇ ਤੁਰੰਤ ਅਸਰ ਪਿਆ ਹੈ। ਹਰ ਮਹੀਨੇ ਲਗਭਗ ਇੱਕ ਲੱਖ ਤੋਂ ਡੇਢ ਲੱਖ ਭਾਰਤੀ ਖਾੜੀ ਦੇਸ਼ਾਂ 'ਚ ਕੰਮ ਲਈ ਜਾਂਦੇ ਹਨ। ਆਮ ਤੌਰ 'ਤੇ ਕਿਸੇ ਕਾਮੇ ਦੀ ਚੋਣ ਤੋਂ ਲੈ ਕੇ ਉਸ ਦੇ ਕੰਮ 'ਤੇ ਪਹੁੰਚਣ ਤਕ ਦੀ ਪੂਰੀ ਪ੍ਰਕਿਰਿਆ 'ਚ ਲਗਭਗ ਤਿੰਨ ਮਹੀਨੇ ਲਗਦੇ ਹਨ। ਪ੍ਰਵਾਸੀ ਕਾਮਿਆਂ 'ਚ ਕੇਰਲ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਉੱਤਰ ਪ੍ਰਦੇਸ਼ ਦੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ ਜਦ ਕਿ ਗੁਜਰਾਤ ਅਤੇ ਮਹਾਰਾਸ਼ਟਰ ਤੋਂ ਵੀ ਮਾਹਿਰ ਕਾਮਿਆਂ ਦੀ ਭਾਗੀਦਾਰੀ ਵੱਧ ਰਹੀ ਹੈ।

ਖਾੜੀ ਦੇਸ਼ਾਂ ਦੀਆਂ ਸਰਕਾਰਾਂ ਨੇ ਉੱਥੇ ਪਹਿਲਾਂ ਤੋਂ ਮੌਜੂਦ ਕਾਮਿਆਂ ਲਈ ਕੁੱਝ ਰਾਹਤ ਦੇ ਕਦਮ ਵੀ ਚੁੱਕੇ ਹਨ। ਕਈ ਦੇਸ਼ਾਂ ਨੇ ਵੀਜ਼ਾ ਨਿਯਮਾਂ 'ਚ ਆਰਜ਼ੀ ਢਿੱਲ ਦਿੱਤੀ ਹੈ ਤਾਂ ਜੋ ਯਾਤਰਾ 'ਚ ਰੁਕਾਵਟ ਆਉਣ ਦੀ ਸਥਿਤੀ 'ਚ ਲੋਕ ਗ਼ੈਰ-ਕਾਨੂੰਨੀ ਸਥਿਤੀ 'ਚ ਨਾ ਪਹੁੰਚ ਜਾਣ। ਸੰਯੁਕਤ ਅਰਬ ਅਮੀਰਾਤ ਨੇ 28 ਫ਼ਰਵਰੀ ਤੋਂ ਬਾਅਦ ਦੇਸ਼ ਛੱਡਣ 'ਚ ਅਸਮਰੱਥ ਲੋਕਾਂ ਲਈ ਓਵਰਸਟੇਅ ਜੁਰਮਾਨਾ ਮੁਆਫ਼ ਕਰ ਦਿੱਤਾ ਹੈ ਜਦ ਕਿ ਕੁਵੈਤ ਨੇ ਇੱਕ ਮਹੀਨੇ ਦੇ ਵੀਜ਼ਾ ਵਿਸਤਾਰ ਲਈ ਪੂਰੀ ਤਰ੍ਹਾਂ ਡਿਜੀਟਲ ਵਿਵਸਥਾ ਸ਼ੁਰੂ ਕੀਤੀ ਹੈ। ਕਤਰ ਨੇ ਵੀ ਇਸੇ ਤਰ੍ਹਾਂ ਦੇ ਆਰਜ਼ੀ ਉਪਾਅ ਕੀਤੇ ਹਨ।

ਖਾੜੀ ਦੇਸ਼ਾਂ ਦੀ ਆਰਥਿਕਤਾ ਲੰਮੇ ਸਮੇਂ ਤੋਂ ਬੁਨਿਆਦੀ ਢਾਂਚੇ, ਊਰਜਾ ਅਤੇ ਸੇਵਾ ਖੇਤਰ 'ਚ ਵੱਡੇ ਪੱਧਰ 'ਤੇ ਰੋਜ਼ਗਾਰ ਦਿੰਦੀ ਰਹੀ ਹੈ। ਪਿਛਲੇ ਕੁੱਝ ਸਾਲਾਂ 'ਚ ਫ਼ਾਇਨਾਂਸ, ਕੰਪਲਾਇੰਸ, ਆਰਟੀਫ਼ਿਸ਼ੀਅਲ ਇੰਟੈਲੀਜੈਂਸ ਅਤੇ ਈ-ਕੌਮਰਸ ਵਰਗੇ ਖੇਤਰਾਂ 'ਚ ਵੀ ਮੰਗ ਵਧੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਸੰਕਟ ਲੰਮਾ ਚੱਲਿਆ ਤਾਂ ਇਨ੍ਹਾਂ ਉੱਚ ਹੁਨਰ ਵਾਲੀਆਂ ਨੌਕਰੀਆਂ ਦੀ ਬਹਾਲੀ 'ਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਹਾਲਾਂਕਿ ਬੁਨਿਆਦੀ ਢਾਂਚੇ ਅਤੇ ਊਰਜਾ ਪ੍ਰੋਜੈਕਟ ਆਮ ਤੌਰ 'ਤੇ ਸਮਾਂ-ਹੱਦ ਕਾਰਨ ਜਲਦੀ ਫ਼ਿਰ ਸ਼ੁਰੂ ਹੋ ਜਾਂਦੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਮੌਜੂਦਾ ਤਨਾਅ ਦੇ ਬਾਵਜੂਦ ਖਾੜੀ ਦੇਸ਼ਾਂ 'ਚ ਰੋਜ਼ਗਾਰ ਦੀਆਂ ਸੰਭਾਵਨਾਵਾਂ ਖ਼ਤਮ ਨਹੀਂ ਹੋਣਗੀਆਂ। ਉਨ੍ਹਾਂ ਅਨੁਸਾਰ UAE, ਕਤਰ ਅਤੇ ਸਾਊਦੀ ਅਰਬ ਵਰਗੇ ਦੇਸ਼ ਆਪਣੀ ਮਜ਼ਬੂਤ ਆਰਥਿਕਤਾ ਤੇ ਸਥਿਰਤਾ ਕਾਰਨ ਹੁਣ ਵੀ ਕੌਮਾਂਤਰੀ ਹੁਨਰ ਨੂੰ ਆਕਰਸ਼ਿਤ ਕਰਦੇ ਰਹਿਣਗੇ। ਪਿਛਲੇ ਕੁੱਝ ਸਾਲਾਂ 'ਚ ਖਾੜੀ ਦੇਸ਼ਾਂ ਨੇ ਕਿਰਤ ਕਾਨੂੰਨਾਂ 'ਚ ਕਈ ਸੁਧਾਰ ਵੀ ਕੀਤੇ ਹਨ ਤਾਂ ਜੋ ਵਿਦੇਸ਼ੀ ਕਾਮਿਆਂ ਨੂੰ ਆਕਰਸ਼ਿਤ ਕੀਤਾ ਜਾ ਸਕੇ।

ਉਦਾਹਰਣ ਵਜੋਂ UAE ਨੇ 2024 'ਚ ਨਵੇਂ ਕਿਰਤ ਕਾਨੂੰਨ ਲਾਗੂ ਕੀਤੇ। ਕਤਰ ਨੇ 2021 'ਚ ਸਾਰੇ ਕਾਮਿਆਂ ਲਈ ਗ਼ੈਰ-ਪੱਖਪਾਤੀ ਘੱਟੋ-ਘੱਟ ਉਜਰਤ ਲਾਗੂ ਕੀਤੀ। ਬਹਿਰੀਨ ਅਤੇ ਓਮਾਨ ਨੇ ਵੀ ਹਾਲੀਆ ਸਾਲਾਂ 'ਚ ਕਿਰਤ ਸੁਧਾਰ ਕੀਤੇ ਹਨ।

# ਈਰਾਨ 'ਤੇ ਕਰਾਂਗੇ ਪਹਿਲਾਂ ਨਾਲੋਂ 20 ਗੁਣਾ ਵੱਡਾ ਹਮਲਾ - Trump



ਤਹਿਰਾਨ: ਬੀਤੇ ਦਿਨ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਈਰਾਨ ਜੰਗ ਬਾਰੇ ਵੱਡਾ ਬਿਆਨ ਦੇ ਕੇ ਕਿਹਾ ਸੀ ਕਿ ਉਹ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਚਰਚਾ ਕਰ ਕੇ ਜੰਗਬੰਦੀ ਬਾਰੇ ਸੋਚ ਰਹੇ ਹਨ। ਉਸ ਤੋਂ ਕੁੱਝ ਘੰਟਿਆਂ ਬਾਅਦ ਹੀ ਟਰੰਪ ਨੇ ਈਰਾਨ ਨੂੰ ਦੁਨੀਆਂ ਦੇ ਸਭ ਤੋਂ ਮਹੱਤਵਪੂਰਣ ਤੇਲ ਮਾਰਗ, ਸਟ੍ਰੇਟ ਔਫ਼ ਹੌਰਮੂਜ਼ ਨੂੰ ਲੈ ਕੇ ਬੇਹੱਦ ਸਖ਼ਤ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਈਰਾਨ ਨੇ ਤੇਲ ਦੀ ਸਪਲਾਈ ਰੋਕਣ ਜਾਂ ਕੋਈ ਚਲਾਕੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਮਰੀਕਾ ਇਸ ਰਸਤੇ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਵੇਗਾ, ਅਤੇ ਇਹ ਈਰਾਨ ਦਾ ਅੰਤ ਹੋਵੇਗਾ।

ਇੱਕ ਇੰਟਰਵਿਊ ਦੌਰਾਨ ਰਾਸ਼ਟਰਪਤੀ ਨੇ ਕਿਹਾ, "ਉਹ (ਈਰਾਨ) ਆਪਣਾ ਸਭ ਕੁੱਝ ਅਜ਼ਮਾ ਚੁੱਕੇ ਹਨ। ਉਨ੍ਹਾਂ ਨੂੰ ਕੋਈ ਵੀ ਗ਼ਲਤੀ ਨਹੀਂ ਕਰਨੀ ਚਾਹੀਦੀ, ਨਹੀਂ ਤਾਂ ਉਸ ਦੇਸ਼ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ।" ਟਰੰਪ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਲਿਖਿਆ ਕਿ ਜੇਕਰ ਈਰਾਨ ਹੌਰਮੂਜ਼ 'ਚ ਤੇਲ ਦੀ ਆਵਾਜਾਈ ਨੂੰ ਰੋਕਦਾ ਹੈ ਤਾਂ ਅਮਰੀਕਾ ਪਹਿਲਾਂ ਨਾਲੋਂ 20 ਗੁਣਾ ਜ਼ਿਆਦਾ ਤਾਕਤ ਨਾਲ ਜਵਾਬੀ ਕਾਰਵਾਈ ਕਰੇਗਾ। ਉਨ੍ਹਾਂ ਇਹ ਵੀ ਖ਼ੁਲਾਸਾ ਕੀਤਾ ਕਿ ਉਹ ਸਟ੍ਰੇਟ ਔਫ਼ ਹੌਰਮੂਜ਼ ਨੂੰ ਆਪਣੇ ਕੰਟਰੋਲ ਹੇਠ ਲੈਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਤਾਂ ਜੋ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਨੇ ਈਰਾਨ ਦੀ ਫ਼ੌਜੀ ਤਾਕਤ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਅਨੁਸਾਰ ਈਰਾਨ ਕੋਲ ਹੁਣ ਨਾ ਤਾਂ ਕੋਈ ਪ੍ਰਭਾਵਸ਼ਾਲੀ ਜਲ ਸੈਨਾ ਬਚੀ ਹੈ ਅਤੇ ਨਾ ਹੀ ਹਵਾਈ ਸੈਨਾ।

ਉਨ੍ਹਾਂ ਅੱਗੇ ਕਿਹਾ ਕਿ ਈਰਾਨ ਦੀਆਂ ਮਿਜ਼ਾਇਲਾਂ ਅਤੇ ਡਰੋਨਜ਼ ਬਣਾਉਣ ਦੀ ਸਮਰਥਾ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਜੰਗ ਆਪਣੇ ਅੰਤਿਮ ਪੜਾਅ 'ਤੇ ਹੈ, ਅਤੇ ਉਮੀਦ ਨਾਲੋਂ ਕਿਤੇ ਤੇਜ਼ੀ ਨਾਲ ਨਤੀਜੇ ਨਿਕਲ ਰਹੇ ਹਨ।

ਜ਼ਿਕਰਯੋਗ ਹੈ ਕਿ ਸਟ੍ਰੇਟ ਔਫ਼ ਹੌਰਮੂਜ਼ ਦੁਨੀਆਂ ਦਾ ਸਭ ਤੋਂ ਅਹਿਮ ਚੋਕ ਪੁਆਇੰਟ ਹੈ ਜਿੱਥੋਂ ਦੁਨੀਆਂ ਭਰ ਦੇ ਕੁੱਲ ਤੇਲ ਦਾ ਲਗਭਗ 20 ਫ਼ੀਸਦੀ ਹਿੱਸਾ ਲੰਘਦਾ ਹੈ। ਈਰਾਨ ਦੀ ਰੈਵੇਲਿਊਸ਼ਨਰੀ ਗਾਰਡ ਨੇ ਪਹਿਲਾਂ ਧਮਕੀ ਦਿੱਤੀ ਸੀ ਕਿ ਜੇਕਰ ਉਨ੍ਹਾਂ 'ਤੇ ਹਮਲੇ ਜਾਰੀ ਰਹੇ ਤਾਂ ਉਹ ਇਸ ਰਸਤੇ ਨੂੰ ਬੰਦ ਕਰ ਦੇਣਗੇ। ਰਾਸ਼ਟਰਪਤੀ ਟਰੰਪ ਦੇ ਇਸ ਬਿਆਨ ਨੇ ਵਿਸ਼ਵ ਬਾਜ਼ਾਰਾਂ 'ਚ ਹਲਚਲ ਮੱਚਾ ਦਿੱਤੀ ਹੈ। ਜਿੱਥੇ ਇੱਕ ਪਾਸੇ ਤੇਲ ਦੀਆਂ ਕੀਮਤਾਂ 'ਚ ਉਤਰਾਅ-ਚੜ੍ਹਾਅ ਜਾਰੀ ਹੈ, ਉੱਥੇ ਹੀ ਦੂਜੇ ਪਾਸੇ ਕੂਟਨੀਤਕ ਮਾਹਿਰ ਇਸ ਨੂੰ ਈਰਾਨ 'ਤੇ ਅੰਤਿਮ ਦਬਾਅ ਬਣਾਉਣ ਦੀ ਰਣਨੀਤੀ ਵਜੋਂ ਦੇਖ ਰਹੇ ਹਨ।

# ਕਤਲ ਮਗਰੋਂ ਸਦਮੇ 'ਚ ਹੈ ਨੈਂਸੀ ਦੀ ਮਾਂ



ਜਲੰਧਰ: ਕੈਨੇਡਾ 'ਚ ਕਤਲ ਕੀਤੀ ਪੰਜਾਬੀ ਯੂ-ਟਿਊਬਰ ਨੈਂਸੀ ਗਰੇਵਾਲ ਦੀ ਮੌਤ ਮਗਰੋਂ ਨੈਂਸੀ ਦੀ ਮਾਂ ਨੂੰ ਡੂੰਘਾ ਸਦਮਾ ਲੱਗਾ ਹੈ। ਨੈਂਸੀ ਦੀ ਮਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਤਾਜ਼ਾ ਪੋਸਟ ਸਾਂਝੀ ਕਰ ਕੇ ਕਿਹਾ, "ਮੈਂ ਇਸ ਸਮੇਂ ਸਦਮੇ 'ਚ ਹਾਂ। ਮੇਰੀ ਧੀ ਮਾਰ ਦਿੱਤੀ, ਉਸ ਦਾ ਮੈਨੂੰ ਡੂੰਘਾ ਸਦਮਾ ਲੱਗਾ ਹੈ ਜੋ ਮੈਂ ਬਰਦਾਸ਼ਤ ਨਹੀਂ ਕਰ ਪਾ ਰਹੀ। ਮੈਨੂੰ ਇਹ ਤਕ ਨਹੀਂ ਪਤਾ ਕਿ ਮੈਂ ਕੀ ਕਰਨਾ ਹੈ ਜਾਂ ਕੀ ਨਹੀਂ। ਮੇਰੇ ਕੋਲੋਂ ਜਿਵੇਂ-ਜਿਵੇਂ ਲੋਕ ਪੁੱਛ ਰਹੇ ਹਨ, ਮੈਨੂੰ ਇਹ ਨਹੀਂ ਪਤਾ ਲੱਗ ਰਿਹਾ ਮੈਂ ਕੀ ਬੋਲਣਾ ਹੈ ਜਾਂ ਕੀ ਨਹੀਂ। ਜਿਵੇਂ-ਜਿਵੇਂ ਲੋਕ ਮੈਨੂੰ ਫ਼ੋਨ 'ਤੇ ਕਹਿ ਰਹੇ ਹਨ ਕਿ ਇਸ ਦਾ ਨਾਂ ਲਵੋ ਜਾਂ ਉਸ ਦਾ ਨਾਮ ਲਓ, ਮੈਂ ਉਸੇ ਤਰ੍ਹਾਂ ਹੀ ਨਾਂ ਲਈ ਜਾ ਰਹੀ ਹਾਂ।"

ਉਨ੍ਹਾਂ ਕਿਹਾ, "ਮੈਂ ਬਿਨਾਂ ਮਤਲਬ ਕਿਸੇ ਦਾ ਨਾਂ ਲੈ ਕੇ ਆਪਣੇ ਸਿਰ 'ਤੇ ਪਾਪ ਨਹੀਂ ਚੜਾਉਣਾ ਚਾਹੁੰਦੀ। ਜੋ ਵੀ ਕਰਨਾ ਹੈ ਪੁਲੀਸ ਨੇ ਕਰਨਾ ਹੈ। ਪੁਲੀਸ ਜਾਂਚ ਕਰ ਰਹੀ ਹੈ। ਲੋਕਾਂ ਨੇ ਮੇਰੇ ਕੋਲੋਂ ਜਿਹੜੇ ਨਾਮ ਬੁਲਵਾਏ ਹਨ, ਮੈਂ ਹੱਥ ਜੋੜ ਕੇ ਮੁਆਫ਼ੀ ਮੰਗਦੀ ਹਾਂ। ਮੇਰਾ ਕਿਸੇ ਨਾਲ ਕੋਈ ਵੀ ਵੈਰ ਨਹੀਂ। ਧੀ ਮੇਰੀ ਚਲੀ ਗਈ, ਉਸ ਨੇ ਕਦੇ ਵਾਪਿਸ ਨਹੀਂ ਆਉਣਾ, ਅਸੀਂ ਉੱਜੜ ਗਏ ਹਾਂ ਮੈਂ ਫ਼ਿਰ ਮੁਆਫ਼ੀ ਮੰਗਦੀ ਹਾਂ।"

ਨੈਂਸੀ ਦੀ ਮਾਂ ਵੀ ਜਲੰਧਰ ਤੋਂ ਕੈਨੇਡਾ ਪਹੁੰਚ ਚੁੱਕੀ ਹੈ। ਹਾਲਾਂਕਿ ਨੈਂਸੀ ਦੇ ਅੰਤਿਮ ਸੰਸਕਾਰ ਸਬੰਧੀ ਅਜੇ ਤਕ ਕੋਈ ਵੀਡੀਓ ਸਾਹਮਣੇ ਨਹੀਂ ਆਈ ਹੈ।

# ਕਿਤੇ ਤੁਹਾਡਾ ਹੀ ਨਾ ਹੋ ਜਾਵੇ ਖ਼ਾਤਮਾ, ਈਰਾਨੀ ਅਧਿਕਾਰੀ ਦੀ ਟਰੰਪ ਨੂੰ ਧਮਕੀ

ਤਹਿਰਾਨ: ਈਰਾਨ ਦੇ ਇੱਕ ਉੱਚ ਸੁਰੱਖਿਆ ਅਧਿਕਾਰੀ ਨੇ ਇੱਕ ਸੋਸ਼ਲ ਮੀਡੀਆ ਪੋਸਟ 'ਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਧਮਕੀ ਦਿੱਤੀ ਹੈ। ਅਲੀ ਲਾਰੀਜਾਨੀ ਨੇ X 'ਤੇ ਇਹ ਪੋਸਟ ਓਦੋਂ ਕੀਤੀ ਜਦੋਂ ਟਰੰਪ ਨੇ ਈਰਾਨ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਤਹਿਰਾਨ ਨੇ ਹੌਰਮੂਜ਼ ਜਲਡਮਰੂ ਰਾਹੀਂ ਤੇਲ ਦੇ ਪ੍ਰਵਾਹ ਨੂੰ ਰੋਕਿਆ ਗਿਆ ਤਾਂ ਵੀਹ ਗੁਣਾ ਹੋਰ ਗੰਭੀਰ ਹਮਲਾ ਹੋਵੇਗਾ। ਲਾਰੀਜਾਨੀ ਨੇ ਲਿਖਿਆ, "ਈਰਾਨ ਵਰਗਾ ਕੁਰਬਾਨੀ ਦੇਣ ਵਾਲਾ ਦੇਸ਼ ਤੁਹਾਡੀਆਂ ਫ਼ੋਕੀਆਂ ਧਮਕੀਆਂ ਤੋਂ ਨਹੀਂ ਡਰਦਾ। ਤੁਹਾਡੇ ਤੋਂ ਵੱਡੇ ਵੀ ਈਰਾਨ ਨੂੰ ਤਬਾਹ ਨਹੀਂ ਕਰ ਸਕੇ।

ਸਾਵਧਾਨ ਰਹੋ, ਤੁਹਾਡਾ ਖ਼ੁਦ ਦਾ ਖ਼ਾਤਮਾ ਹੋ ਸਕਦਾ ਹੈ।" ਜ਼ਿਕਰਯੋਗ ਹੈ ਕਿ ਈਰਾਨ 'ਤੇ ਪਹਿਲਾਂ ਵੀ ਟਰੰਪ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਗਿਆ ਸੀ।

ਦੂਜੇ ਪਾਸੇ ਟਰੰਪ ਨੇ ਇਹ ਵੀ ਖ਼ੁਲਾਸਾ ਕੀਤਾ ਕਿ ਉਹ ਸਟ੍ਰੇਟ ਔਫ਼ ਹੌਰਮੂਜ਼ ਨੂੰ ਸਿੱਧੇ US ਕੰਟਰੋਲ ਹੇਠ ਲਿਆਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਤਾਂ ਜੋ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

# ਕੈਨੇਡੀਅਨ ਸਕੂਲ 'ਚ ਗੋਲੀਬਾਰੀ ਦੌਰਾਨ ਜ਼ਖ਼ਮੀ ਵਿਦਿਆਰਥੀ ਦੇ ਪਰਿਵਾਰ ਵਲੋਂ Open AI 'ਤੇ ਮੁਕੱਦਮਾ



ਵੈਨਕੂਵਰ: ਕੈਨੇਡਾ 'ਚ ਇੱਕ ਸਕੂਲ ਗੋਲੀਬਾਰੀ 'ਚ ਗੰਭੀਰ ਜ਼ਖ਼ਮੀ ਹੋਏ ਇੱਕ ਵਿਦਿਆਰਥੀ ਦੇ ਮਾਪਿਆਂ ਨੇ ਦਾਇਰ ਕੀਤੇ ਇੱਕ ਸਿਵਲ ਮੁਕੱਦਮੇ 'ਚ ਦੋਸ਼ ਲਗਾਇਆ ਹੈ ਕਿ ਚੈਟਬੋਟ ਨਿਰਮਾਤਾ Open AI ਨੂੰ ਪਹਿਲਾਂ ਤੋਂ ਹੀ ਪਤਾ ਸੀ ਕਿ ਹਮਲਾਵਰ ਇੱਕ ਸਮੂਹਿਕ ਹਮਲੇ ਦੀ ਯੋਜਨਾ ਬਣਾ ਰਿਹਾ ਸੀ।

ਮੁਕੱਦਮੇ ਅਨੁਸਾਰ ਹਮਲਾਵਰ ਨੇ ਹਮਲੇ ਦੀ ਯੋਜਨਾ ਬਣਾਉਣ ਲਈ ਕੰਪਨੀ ਦੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ-ਆਧਾਰਿਤ ਗੱਲਬਾਤ ਪ੍ਰੋਗਰਾਮ ChatGPT ਦੀ ਵਰਤੋਂ ਕੀਤੀ ਸੀ। Open AI ਨਾਲ ਸਬੰਧਤ ਕਰਮਚਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਹਮਲਾਵਰ ਦੀਆਂ ਗਤੀਵਿਧੀਆਂ ਨੂੰ ਦੇਖਿਆ ਸੀ ਪਰ ਪੁਲੀਸ ਨੂੰ ਸੂਚਿਤ ਨਹੀਂ ਕੀਤਾ। ਬਾਅਦ 'ਚ ਇਸ ਨੇ 10 ਫ਼ਰਵਰੀ ਨੂੰ ਬ੍ਰਿਟਿਸ਼ ਕੋਲੰਬੀਆ ਦੇ ਟੰਬਲਰ ਰਿਜ 'ਚ ਹੋਈ ਗੋਲੀਬਾਰੀ ਤੋਂ ਬਾਅਦ Open AI ਨੇ ਪੁਲੀਸ ਨਾਲ ਸੰਪਰਕ ਕੀਤਾ।

ਹਮਲਾਵਰ ਜੈਸ ਵੈਨ ਰਸਟਸੇਲਰ ਨੇ ਅੱਠ ਲੋਕਾਂ ਦੀ ਹੱਤਿਆ ਕਰ ਦਿੱਤੀ ਸੀ, ਅਤੇ ਫ਼ਿਰ ਉਸ ਨੇ ਆਪਣੀ ਜਾਨ ਵੀ ਲੈ ਲਈ। ਕੰਪਨੀ ਅਨੁਸਾਰ ਹਮਲਾਵਰ ਦਾ ChatGPT ਖਾਤਾ ਬੰਦ ਵੀ ਕਰ ਦਿੱਤਾ ਗਿਆ ਸੀ, ਪਰ ਉਸ ਨੇ ਇੱਕ ਹੋਰ ਖਾਤਾ ਬਣਾ ਕੇ ਪਾਬੰਦੀ ਤੋਂ ਬਚਣ ਦੀ ਕੋਸ਼ਿਸ਼ ਕੀਤੀ।

ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ 'ਚ ਦਾਇਰ ਕੀਤੇ ਗਏ ਇੱਕ ਮੁਕੱਦਮੇ 'ਚ ਦੋਸ਼ ਲਗਾਇਆ ਗਿਆ ਹੈ ਕਿ ਕੰਪਨੀ ਨੂੰ ਖ਼ਾਸ ਜਾਣਕਾਰੀ ਸੀ ਕਿ ਹਮਲਾਵਰ ਟੰਬਲਰ ਰਿਜ ਵਰਗੀ ਸਮੂਹਿਕ-ਜਾਨੀ ਨੁਕਸਾਨ ਦੀ ਘਟਨਾ ਦੀ ਯੋਜਨਾ ਬਣਾਉਣ ਲਈ ChatGPT ਦੀ ਵਰਤੋਂ ਕਰ ਰਿਹਾ ਸੀ। ਮੁਕੱਦਮੇ 'ਚ ਕਿਹਾ ਗਿਆ ਹੈ ਕਿ ਹਮਲਾਵਰ ਨੇ ChatGPT ਨੂੰ ਇੱਕ ਭਰੋਸੇਮੰਦ ਸਹਿਯੋਗੀ ਅਤੇ ਸਲਾਹਕਾਰ ਵਜੋਂ ਵਰਤਿਆ ਸੀ, ਅਤੇ ਪ੍ਰੋਗਰਾਮ ਨੇ ਉਸ ਨੂੰ ਯੋਜਨਾ ਬਣਾਉਣ 'ਚ ਮਦਦ ਕੀਤੀ ਸੀ। ਮੁਕੱਦਮੇ ਅਨੁਸਾਰ ਕੰਪਨੀ ਦੇ ਵਿਹਾਰ ਦੇ ਨਤੀਜੇ ਵਜੋਂ ਵਿਦਿਆਰਥਣ ਮਾਇਆ ਗੇਬਾਲਾ ਨੂੰ ਨੇੜਿਓਂ ਤਿੰਨ ਗੋਲੀਆਂ ਲੱਗੀਆਂ - ਇੱਕ ਸਿਰ 'ਚ, ਇੱਕ ਗਰਦਨ ਵਿੱਚ, ਅਤੇ ਇੱਕ ਉਸ ਦੇ ਗਲ੍ਹ 'ਚ ਲੱਗੀ।

ਮੁਕੱਦਮੇ 'ਚ ਕਿਹਾ ਗਿਆ ਹੈ ਕਿ ਉਸ ਨੂੰ ਦਿਮਾਗ਼ 'ਚ ਗੰਭੀਰ ਸੱਟ ਲੱਗੀ ਹੈ ਜਿਸ ਦੇ ਨਤੀਜੇ ਵਜੋਂ ਸਥਾਈ ਮਾਨਸਿਕ ਅਤੇ ਸ਼ਰੀਰਕ ਅਪੰਗਤਾ ਹੋ ਸਕਦੀ ਹੈ। ਕੰਪਨੀ ਦੁਆਰਾ ਇਸ ਮਾਮਲੇ 'ਤੇ ਟਿੱਪਣੀ ਮੰਗਣ ਵਾਲਾ ਸੁਨੇਹਾ ਤੁਰੰਤ ਵਾਪਿਸ ਨਹੀਂ ਕੀਤਾ ਗਿਆ।

# ਯੁੱਧ ਕਾਰਨ ਭਾਰਤ ਸਮੇਤ 25 ਦੇਸ਼ਾਂ 'ਚ ਹੋਰ ਡੂੰਘਾ ਹੋਇਆ ਗੈਸ ਸੰਕਟ



ਨਵੀਂ ਦਿੱਲੀ: ਈਰਾਨ-ਇਜ਼ਰਾਇਲ ਯੁੱਧ ਕਾਰਨ ਵਿਸ਼ਵ ਅਰਥਵਿਵਸਥਾ ਹਿੱਲ ਗਈ ਹੈ। LPG, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ 30 ਪ੍ਰਤੀਸ਼ਤ ਤਕ ਵਾਧਾ ਹੋਇਆ ਹੈ। ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀ ਲੰਕਾ ਦੇ ਨਾਲ-ਨਾਲ ਅਮਰੀਕਾ ਅਤੇ ਯੌਰਪ ਵੀ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਆਰਥਿਕ ਮਾਹਿਰਾਂ ਅਨੁਸਾਰ ਦੁਨੀਆਂ ਇੱਕ ਅਜਿਹੇ ਊਰਜਾ ਸੰਕਟ ਵਲ ਵੱਧ ਰਹੀ ਹੈ ਜਿਸ ਦੀ ਕਲਪਨਾ ਇੱਕ ਦਹਾਕਾ ਪਹਿਲਾਂ ਵੀ ਨਹੀਂ ਕੀਤੀ ਜਾ ਸਕਦੀ ਸੀ।

ਅਮਰੀਕਾ ਅਤੇ ਇਜ਼ਰਾਇਲ ਅਤੇ ਈਰਾਨ ਵਿਚਕਾਰ ਵਧਦੇ ਫ਼ੌਜੀ ਟਕਰਾਅ ਨੇ ਪੱਛਮੀ ਏਸ਼ੀਆ ਨੂੰ ਪਾਊਡਰ ਦੇ ਇੱਕ ਡੱਬੇ 'ਚ ਪਾ ਦਿੱਤਾ ਹੈ। ਇਸ ਦਾ ਸਿੱਧਾ ਅਸਰ ਗਲੋਬਲ ਗੈਸ ਸਪਲਾਈ ਲੜੀ 'ਤੇ ਪਿਆ ਹੈ। ਕਿਉਂਕਿ ਦੁਨੀਆਂ ਦਾ 20 ਪ੍ਰਤੀਸ਼ਤ ਤੇਲ ਅਤੇ LNG ਹੌਰਮੂਜ਼ ਜਲਡਮਰੂ 'ਚੋਂ ਲੰਘਦਾ ਹੈ, ਇਸ ਲਈ ਇਸ ਰਸਤੇ 'ਤੇ ਈਰਾਨ ਦੀਆਂ ਪਾਬੰਦੀਆਂ ਨੇ ਭਾਰਤ, ਚੀਨ, ਜਾਪਾਨ, ਦੱਖਣੀ ਕੋਰੀਆ ਅਤੇ ਯੌਰਪੀ ਦੇਸ਼ਾਂ ਸਮੇਤ ਘੱਟੋ-ਘੱਟ 25 ਦੇਸ਼ਾਂ 'ਚ ਰੋਸ ਪੈਦਾ ਕੀਤਾ ਹੈ।

ਦੁਨੀਆਂ 'ਚ ਕਿੱਥੇ-ਕਿੱਥੇ ਲੋਕਡਾਊਨ ਵਰਗੇ ਹਾਲਾਤ ? ਗੈਸ ਸੰਕਟ ਦਾ ਪ੍ਰਭਾਵ ਇੰਨਾ ਵਿਆਪਕ ਹੈ ਕਿ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜਾਪਾਨ ਅਤੇ ਦੱਖਣੀ ਕੋਰੀਆ, ਦੋਵੇਂ ਦੇਸ਼ ਆਪਣੀਆਂ ਊਰਜਾ ਜ਼ਰੂਰਤਾਂ ਦਾ 80% ਤੋਂ ਵੱਧ ਆਯਾਤ ਕਰਦੇ ਹਨ। ਉਥੇ ਬਿਜਲੀ ਕੱਟ ਸ਼ੁਰੂ ਹੋ ਗਏ ਹਨ, ਅਤੇ ਸਰਕਾਰ ਨੇ ਉਦਯੋਗਾਂ ਨੂੰ ਉਤਪਾਦਨ ਘਟਾਉਣ ਲਈ ਕਿਹਾ ਹੈ। ਪਾਕਿਸਤਾਨ ਅਤੇ ਸ੍ਰੀ ਲੰਕਾ 'ਚ ਗੈਸ ਸਿਲੰਡਰਾਂ ਲਈ ਲੰਬੀਆਂ ਕਤਾਰਾਂ ਲੱਗ ਗਈਆਂ ਹਨ। ਪਾਕਿਸਤਾਨ 'ਚ ਕਈ ਥਾਵਾਂ 'ਤੇ, ਗੈਸ ਦੀ ਕਮੀ ਕਾਰਨ ਰੈਸਟੋਰੈਂਟਸ ਬੰਦ ਹੋਣ ਦੀ ਕਗਾਰ 'ਤੇ ਹਨ। ਜੰਗ ਨੇ ਭਾਰਤ 'ਚ ਸਪਲਾਈ 'ਤੇ ਦਬਾਅ ਵੀ ਵਧਾ ਦਿੱਤਾ ਹੈ। ਪੁਣੇ ਵਰਗੇ ਸ਼ਹਿਰਾਂ 'ਚ ਗੈਸ ਦੀ ਕਮੀ ਕਾਰਨ ਕਈ ਸ਼ਮਸ਼ਾਨਘਾਟ ਅਸਥਾਈ ਤੌਰ 'ਤੇ ਬੰਦ ਕਰਨੇ ਪਏ ਹਨ। ਮੁੰਬਈ ਸਮੇਤ ਕਈ ਸ਼ਹਿਰਾਂ 'ਚ ਹੋਟਲ ਬੁਕਿੰਗਾਂ ਰੱਦ ਕੀਤੀਆਂ ਜਾ ਰਹੀਆਂ ਹਨ।

ਭਾਰਤ 'ਚ ਰਸੋਈ ਗੈਸ ਦੀ ਕਮੀ ਨੂੰ ਦੂਰ ਕਰਨ ਲਈ ਮੋਦੀ ਸਰਕਾਰ ਨੇ ਸੋਮਵਾਰ ਰਾਤ ਨੂੰ ਇੱਕ ਐਮਰਜੈਂਸੀ ਆਦੇਸ਼ ਜਾਰੀ ਕੀਤਾ। ਜ਼ਰੂਰੀ ਵਸਤੂਆਂ ਐਕਟ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਰਕਾਰ ਨੇ ਕੁਦਰਤੀ ਗੈਸ ਆਰਡਰ 2026 ਨੂੰ ਲਾਗੂ ਕੀਤਾ। ਰਿਲਾਇੰਸ ਅਤੇ ONGC ਵਰਗੀਆਂ ਰਿਫ਼ਾਇਨਰੀਆਂ ਨੂੰ ਸਿਰਫ਼ LPG ਉਤਪਾਦਨ 'ਤੇ ਧਿਆਨ ਕੇਂਦ੍ਰਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਹੋਰ ਪੈਟਰੋ ਕੈਮੀਕਲ ਉਤਪਾਦਾਂ ਨੂੰ ਛੱਡ ਕੇ।

# ਈਰਾਨੀ ਜੰਗ ਕਾਰਨ ਖ਼ਤਰੇ 'ਚ 23,000 ਭਾਰਤੀ



ਤਹਿਰਾਨ: ਮੱਧ ਪੂਰਬ 'ਚ ਜਾਰੀ ਭਿਆਨਕ ਜੰਗ ਨੇ ਹੁਣ ਭਾਰਤ ਦੀਆਂ ਚਿੰਤਾਵਾਂ ਵੀ ਵਧਾ ਦਿੱਤੀਆਂ ਹਨ। ਜਿੱਥੇ ਇੱਕ ਪਾਸੇ ਈਰਾਨ ਅਤੇ ਇਜ਼ਰਾਇਲ ਵਿਚਕਾਰ ਖ਼ੂਨੀ ਸੰਘਰਸ਼ ਜਾਰੀ ਹੈ, ਉੱਥੇ ਹੀ ਇੱਕ ਬਹੁਤ ਹੀ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਸਰੋਤਾਂ ਅਨੁਸਾਰ ਈਰਾਨੀ ਜੰਗ ਦੇ ਖੇਤਰ 'ਚ ਮੌਜੂਦ ਲਗਭਗ 23 ਹਜ਼ਾਰ ਭਾਰਤੀ ਮਲਾਹਾਂ ਦੀ ਜਾਨ ਨੂੰ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ। ਇਸ ਚਿੰਤਾ ਕਾਰਨ ਮਲਾਹ ਸੰਗਠਨਾਂ ਨੇ ਭਾਰਤ ਸਰਕਾਰ ਨੂੰ ਤੁਰੰਤ ਕਦਮ ਚੁੱਕਣ ਦੀ ਮੰਗ ਕੀਤੀ ਹੈ।

ਹਾਲਾਤ ਦੀ ਗੰਭੀਰਤਾ ਨੂੰ ਦੇਖਦੇ ਹੋਏ ਭਾਰਤ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਇਨ੍ਹਾਂ ਨਾਜ਼ੁਕ ਹਾਲਾਤ 'ਚ ਫ਼ਸੇ ਮਲਾਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕੋਈ ਵੱਡਾ ਕਦਮ ਚੁੱਕੇ ਅਤੇ ਕਾਰਵਾਈ ਕਰੇ। ਸਮੁੰਦਰੀ ਜਹਾਜ਼ਾਂ ਦੀਆਂ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਮੁੰਬਈ 'ਚ ਸ਼ਿਪਿੰਗ ਡਾਇਰੈਕਟੋਰੇਟ ਜਨਰਲ ਦੇ ਮੁਖੀ ਸ਼ਿਆਮ ਜਗਨਨਾਥਨ ਨਾਲ ਮੁਲਾਕਾਤ ਕੀਤੀ, ਅਤੇ ਉਨ੍ਹਾਂ ਨੂੰ ਸਥਿਤੀ ਦੀ ਗੰਭੀਰਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਜੰਗੀ ਖੇਤਰ 'ਚ ਫ਼ਸੇ ਭਾਰਤੀ ਮਲਾਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਯੂਨੀਅਨਾਂ ਨੇ ਇਹ ਵੀ ਮੰਗ ਕੀਤੀ ਕਿ ਜੇਕਰ ਇਸ ਜੰਗੀ ਖੇਤਰ 'ਚ ਡਿਊਟੀ ਦੌਰਾਨ ਕਿਸੇ ਭਾਰਤੀ ਮਲਾਹ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਨੂੰ ਘੱਟੋ-ਘੱਟ 45 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਜੰਗੀ ਖੇਤਰ 'ਚ ਲਗਾਤਾਰ ਹੋ ਰਹੀ ਬੰਬਾਰੀ ਅਤੇ ਅਸਥਿਰਤਾ ਕਾਰਨ ਇਨ੍ਹਾਂ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਵੱਡੀ ਚਿੰਤਾ ਜਤਾਈ ਜਾ ਰਹੀ ਹੈ।

ਇਹ ਖ਼ਤਰਾ ਉਸ ਸਮੇਂ ਹੋਰ ਵੀ ਗੰਭੀਰ ਹੋ ਜਾਂਦਾ ਹੈ ਜਦੋਂ ਖੇਤਰ 'ਚ ਲਗਾਤਾਰ ਬੰਬਾਰੀ ਜਾਰੀ ਹੈ। ਪਿਛਲੀ ਜਾਣਕਾਰੀ ਅਨੁਸਾਰ, ਅਮਰੀਕਾ ਅਤੇ ਇਜ਼ਰਾਇਲ ਵਲੋਂ ਚਲਾਏ ਜਾ ਰਹੇ ਔਪਰੇਸ਼ਨ ਐਪਿਕ ਫ਼ਿਊਰੀ ਕਾਰਨ ਈਰਾਨ 'ਚ ਮਰਨ ਵਾਲਿਆਂ ਦੀ ਗਿਣਤੀ 1, 500 ਤਕ ਪਹੁੰਚ ਚੁੱਕੀ ਹੈ। ਅਮਰੀਕਾ ਵਲੋਂ ਬੌਂਬਰਾਂ ਅਤੇ AI ਤਕਨੀਕ ਵਾਲੇ ਡਰੋਨਾਂ ਦੀ ਵਰਤੋਂ ਅਤੇ ਇਜ਼ਰਾਇਲ ਦੇ ਸਖ਼ਤ ਤੇਵਰਾਂ ਨੇ ਪੂਰੇ ਸਮੁੰਦਰੀ ਰਸਤੇ ਅਤੇ ਨੇੜਲੇ ਇਲਾਕਿਆਂ ਨੂੰ ਅਸੁਰੱਖਿਅਤ ਬਣਾ ਦਿੱਤਾ ਹੈ। ਅਜਿਹੇ ਨਾਜ਼ੁਕ ਮਾਹੌਲ 'ਚ 23 ਹਜ਼ਾਰ ਭਾਰਤੀ ਮਲਾਹਾਂ ਦਾ ਉਸ ਜੰਗੀ ਖੇਤਰ 'ਚ ਫ਼ਸੇ ਹੋਣਾ ਇੱਕ ਵੱਡੀ ਮਾਨਵੀ ਚਿੰਤਾ ਬਣ ਗਿਆ ਹੈ। ਈਰਾਨੀ ਸੁਪਰੀਮ ਲੀਡਰ ਖ਼ਾਮੇਨੇਈ ਦੀ ਮੌਤ ਤੋਂ ਬਾਅਦ ਈਰਾਨ ਨੇ ਲੰਬੀ ਜੰਗ ਲੜਨ ਦਾ ਇਰਾਦਾ ਜ਼ਾਹਿਰ ਕੀਤਾ ਹੈ. ਬ੍ਰਿਟੇਨ, ਫ਼ਰਾਂਸ ਅਤੇ ਜਰਮਨੀ ਦੀ ਇਸ ਜੰਗ 'ਚ ਸ਼ਮੂਲੀਅਤ ਅਤੇ ਅਮਰੀਕਾ ਵਲੋਂ ਆਪਣੀ ਡੂਮਜ਼ਡੇ ਮਿਜ਼ਾਇਲ ਦੇ ਪਰੀਖਣ ਨੇ ਸਥਿਤੀ ਨੂੰ ਹੋਰ ਵਿਸਫ਼ੋਟਕ ਬਣਾ ਦਿੱਤਾ ਹੈ। ਇਹ ਸਾਰੇ ਹਾਲਾਤ ਉੱਥੇ ਮੌਜੂਦ ਭਾਰਤੀ ਮਲਾਹਾਂ ਦੀ ਸੁਰੱਖਿਆ ਲਈ ਵੱਡਾ ਸੰਕਟ ਪੈਦਾ ਕਰ ਰਹੇ ਹਨ।

# ਹੜ੍ਹ ਤੋਂ ਪ੍ਰਭਾਵਿਤ ਸੜਕਾਂ ਦੇ ਸੁਧਾਰ ਨੂੰ ਲੈ ਕੇ ਸਰਕਾਰ ਨੇ ਮਹੱਤਵਪੂਰਣ ਕਦਮ ਚੁੱਕੇ : ਕੈਬਨਿਟ ਮੰਤਰੀ ਰਣਬੀਰ ਗੰਗਵਾ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਨਿਰਮਾਣ ਅਤੇ ਜਨਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਹੜ੍ਹ ਤੋਂ ਪ੍ਰਭਾਵਿਤ ਸੜਕਾਂ ਦੇ ਸੁਧਾਰ ਨੂੰ ਲੈ ਕੇ ਸਰਕਾਰ ਨੇ ਮਹਤੱਵਪੂਰਣ ਕਦਮ ਚੁੱਕਿਆ ਹੈ। ਉਨ੍ਹਾਂ ਨੇ ਦਸਿਆ ਕਿ ਇਸੀ ਦੇ ਤਹਿਤ ਹਿਸਾਰ ਦੇ ਗੰਗਵਾ ਤੋਂ ਆਰਿਆ ਨਗਰ ਤੱਕ ਜਾਣ ਵਾਲੀ ਸੜਕ (ਰੋਡ ਆਈਡੀ 11551) ਦੇ ਵਿਸ਼ੇਸ਼ ਮੁਰੰਮਤ ਕੰਮ ਲਈ ਪ੍ਰਸਤਾਵ ਨੂੰ ਵੀ ਸਰਕਾਰ ਤੋਂ ਮੰਜੂਰੀ ਮਿਲ ਗਈ ਹੈ। ਇਹ ਸੜਕ ਹੜ੍ਹ ਦੇ ਕਾਰਨ ਕਾਫੀ ਨੁਕਸਾਨ ਹੋ ਗਈ ਸੀ, ਜਿਸ ਦੇ ਚਲਦੇ ਆਮ ਨਾਗਰਿਕਾਂ ਅਤੇ ਵਾਹਨ ਚਾਲਕਾਂ ਨੂੰ ਆਵਾਜਾਈ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਨੋਟੀਫਾਇਡ ਰੋਡ ਮੇਂਟੇਨੇਂਸ ਪੋਲਿਸੀ ਤਹਿਤ ਇਸ ਸੜਕ ਦੇ ਰੱਖਰਖਾਵ ਅਤੇ ਮੁਰੰਮਤ ਨਾਲ ਸਬੰਧਿਤ ਨਿਯਮਾਂ ਵਿੱਚ ਛੋਟ ਦੇ ਕੇ ਸੜਕ ਦੇ ਨਿਰਮਾਣ ਕੰਮ ਪੂਰੇ ਕੀਤੇ ਜਾਣਗੇ। ਕੈਬਨਿਟ ਮੰਤਰੀ ਨੇ ਦਸਿਆ ਕਿ ਲੋਕ ਨਿਰਮਾਣ ਵਿਭਾਗ ਨੇ ਸੜਕ ਦੇ ਵਿਸ਼ੇਸ਼ ਮੁਰੰਮਤ ਕੰਮ ਲਈ ਲਗਭਗ 18.28 ਕਰੋੜ ਰੁਪਏ ਦੀ ਪ੍ਰਸਾਸ਼ਨਿਕ ਮੰਜੂਰੀ ਪ੍ਰਦਾਨ ਕਰਨ ਦਾ ਠੇਕਾ ਕੀਤਾ ਗਿਆ ਸੀ, ਜਿਸ ਨੂੰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਮੰਜੂਰੀ ਦੇ ਦਿੱਤੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਸੜਕ ਦੀ ਮੁਰੰਮਤ ਹੋਣ ਨਾਲ ਗੰਗਵਾ ਅਤੇ ਆਰਿਆ ਨਗਰ ਸਮੇਤ ਨੇੜੇ ਦੇ ਖੇਤਰਾਂ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਅਤੇ ਖੇਤਰ ਦੇ ਵਿਕਾਸ ਨੂੰ ਵੀ ਗਤੀ ਮਿਲੇਗੀ। ਸਥਾਨਕ ਨਾਗਰਿਕਾਂ ਨੇ ਵੀ ਲੰਬੇ ਸਮੇਂ ਤੋਂ ਇਸ ਸੜਕ ਦੇ ਸੁਧਾਰ ਦੀ ਮੰਗ ਕੀਤੀ ਸੀ।

ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਦਸਿਆ ਕਿ ਸੂਬੇ ਵਿੱਚ ਰਿਸਰਚ ਲੈਬ ਅਤੇ ਕੁਆਲਿਟੀ ਕੰਟਰੋਲ ਨਾਲ ਜੁੜੇ ਕੰਮਾਂ ਦੇ ਸੰਚਾਲਨ ਵਿੱਚ ਤੇਜੀ ਤੇ ਸੜਕਾਂ ਦੀ ਗੁਣਵੱਤਾ ਜਾਂਚ ਵਿਵਸਥਾ ਨੂੰ ਹੋਰ ਮਜਬੂਤ ਬਨਾਉਣ ਲਈ ਨੈਸ਼ਨਲ ਹਾਈਵੇ ਸਰਕਲ ਨਾਲ ਜੁੜੇ ਅਹੁਦੇ ਵਿੱਚ ਅਹਿਮ ਬਦਲਾਅ ਕੀਤਾ ਗਿਆ ਹੈ। ਸਰਕਲ ਜੀਂਦ ਦੇ ਸੁਪਰਡੈਂਟ ਇੰਜੀਨੀਅਰ ਦੇ ਅਹੁਦੇ ਦੀ ਰੀ-ਡਿਜਿਗ੍ਰੇਅ ਕਰ ਸੁਪਰਿਟੇਂਡਿੰਗ ਇੰਜੀਨਅਰ-ਕਮ-ਡਾਇਰੈਕਟਰ, ਰਿਸਰਚ ਲੈਬ ਹਿਸਾਰ ਕੀਤਾ ਗਿਆ ਹੈ। ਇਸ ਦਾ ਮੁੱਖ ਦਫਤਰ ਹਿਸਾਰ ਹੋਵੇਗਾ। ਲੋਕ ਨਿਰਮਾਣ ਵਿਭਾਗ ਹਰਿਆਣਾ ਦੀ ਤਿੰਨਾਂ ਕੁਆਲਿਟੀ ਕੰਟਰੋਲ ਡਿਵੀਜਨਾਂ ਦੀ ਨਿਗਰਾਨੀ ਵੀ ਇਸੀ ਅਹੁਦੇ ਦੇ ਅਧਿਕਾਰ ਖੇਤਰ ਵਿੱਓ ਰਹੇਗੀ।

# ਸੁਨਹਿਰੇ ਅਤੇ ਵਿਕਸਿਤ ਬੰਗਾਲ ਬਨਾਉਣ ਲਈ ਜਨਤਾ ਤਿਆਰ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੁਨਹਿਰੇ ਅਤੇ ਵਿਕਸਿਤ ਬੰਗਾਲ ਬਨਾਉਣ ਲਈ ਜਨਤਾ ਪਰਿਵਰਤਨ ਸੰਕਲਪ ਨੂੰ ਮਜਬੂਤ ਕਰਨ ਦਾ ਕੰਮ ਕਰੇਗੀ। ਉਨ੍ਹਾਂ ਨੇ ਪਾਰਦਰਸ਼ੀ ਸ਼ਾਸਨ, ਜਨਭਲਾਈਕਾਰੀ ਯੋਜਨਾਵਾਂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਵਿਕਾਸ ਅਧਾਰਿਤ ਰਾਜਨੀਤੀ ਦੇ ਮਹਤੱਵ @ਤੇ ਜੋਰ ਦਿੱਤਾ।

ਮੁੱਖ ਮੰਤਰੀ ਮੰਗਲਵਾਰ ਨੂੰ ਬੰਗਾਲ ਦੇ 24 ਪਰਗਨਾ ਦੇ ਕੁਲਪੀ ਵਿੱਚ ਪਰਿਵਰਤਨ ਯਾਤਰਾ ਦੌਰਾਨ ਆਯੋਜਿਤ ਜਨਸਭਾ ਨੂੰ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਵੱਡੀ ਗਿਣਤੀ ਵਿੱਚ ਮੌਜੂਦ ਲੋਕਾਂ ਨੂੰ ਧਨਵਾਦ ਕੀਤਾ ਅਤੇ ਭਰੋਸਾ ਜਤਾਇਆ ਕਿ ਦੇਸ਼ ਵਿੱਚ ਵਿਕਾਸ ਅਤੇ ਬਦਲਾਅ ਦੀ ਭਾਵਨਾ ਲਗਾਤਾਰ ਮਜਬੂਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀ ਭੂਮੀ ਤੋਂ ਬੰਗਾਲ ਦੇ ਲੋਕਾਂ ਦੇ ਵਿੱਚ ਆਉਣ ਦਾ ਮੌਕਾ ਮਿਲਿਆ ਹੈ ਜਿਸ ਨੂੰ ਭੂਮੀ @ਤੇ ਭਗਵਾਨ ਸ਼੍ਰੀਕ੍ਰਿਸ਼ਣ ਨੇ ਗੀਤਾ ਦਾ ਸੰਦੇਸ਼ ਦਿੱਤਾ।੦

ਮੁੱਖ ਮੰਤਰੀ ਨੇ ਕਿਹਾ ਕਿ ਬੰਗਾਲ ਮੱਛੀ ਪਾਲਕ ਕਿਸਾਨਾਂ ਦੀ ਧਰਤੀ ਹੈ। ਇੱਥੇ ਦੇ ਲੋਕਾਂ ਨੇ ਇਤਿਹਾਸ ਤੇ ਸਭਿਆਚਾਰ ਨੂੰ ਬਦਲਣ ਦਾ ਕੰਮ ਕੀਤਾ। ਬੰਗਾਲ ਦੀ ਖੁਸ਼ਹਾਲ ਸਭਿਆਚਾਰਕ ਵਿਰਾਸਤ ਦੀ ਭਾਵਨਾ ਪੂਰੇ ਦੇਸ਼ ਵਿੱਚ ਫੈਲੀ ਹੈ। ਬੰਗਾਲ ਦੀ ਮਿੱਟੀ ਦੇ ਲੋਕ ਸਾਡੇ ਲਈ ਮਾਣ ਅਤੇ ਗੌਰਵ ਹਨ। ਇਸ ਧਰਤੀ ਨੇ ਸਵਾਮੀ ਵਿਵੇਕਾਨੰਦ, ਸ਼ਿਆਮਾ ਪ੍ਰਸਾਦ ਮੁਖਰਜੀ, ਨੇਤਾ ਜੀ ਸੁਭਾਸ਼ ਚੰਦਰ ਬੋਸ, ਬਕਿੰਮਚੰਦਰ ਚਟਰਜੀ ਵਰਗੇ ਮਹਾਨ ਸਪੂਤ ਦਿੱਤੇ ਹਨ। ਇੱਥੇ ਦੇ ਰਣਬਾਕੁੰਰਾਂ ਨੇ ਦੇਸ਼ ਦੀ ਆਜਾਦੀ ਦੀ ਲੜਾਈ ਨੂੰ ਨਵੀਂ ਦਿਸ਼ਾ ਦੇਣ ਦਾ ਕੰਮ ਕੀਤਾ। ਉਨ੍ਹਾਂ ਨੇ ਕਿਹਾ ਕਿ ਬੰਗਾਲ ਦੀ ਭੂਮੀ ਨੇ ਵੰਦੇ ਮਾਤਰਮ ਦਾ ਮੰਤਰ ਦੇ ਕੇ ਦੇਸ਼ ਵਿੱਚ ਰਾਸ਼ਟਰਵਾਦ ਦੀ ਜੋਤੀ ਜਲਾਈ ਜੋ ਅੱਜ ਵੀ ਜੱਗ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਰਫ ਰਾਜਨੀਤਿਕ ਪ੍ਰੋਗਰਾਮ ਨਹੀਂ ਹੈ, ਸਗੋ ਬੰਗਾਲ ਦੀ ਲਚਰ-ਪਚਰ, ਭ੍ਰਿਸ਼ਟਾਚਾਰ ਵਿੱਚ ਫਸੀ ਸਰਕਾਰ ਨੂੰ ਉਖਾੜ ਸੁੱਟਣ ਲਈ ਬਦਲਾਅ ਦੀ ਪੁਕਾਰ ਹੈ। ਬੰਗਾਲ ਦੀ ਜਨਤਾ ਬਦਲਾਅ ਅਤੇ ਵਿਕਾਸ ਦੇ ਨਾਲ ਚੱਲ ਕੇ ਡਰ ਅਤੇ ਭ੍ਰਿਸ਼ਟਾਚਾਰ ਤੋਂ ਮੁਕਤੀ ਚਾਹੁੰਦੀ ਹੈ। ਇਸੀ ਉਤਸਾਹ ਅਤੇ ਜੋਸ਼ ਦੇ ਨਾਲ ਭਾਰੀ ਗਿਣਤੀ ਵਿੱਚ ਜਨਸਭਾ ਵਿੱਚ ਆਉਣਾ ਇਸ ਗੱਲ ਦਾ ਸੰਕੇਤ ਹੈ ਕਿ ਬੰਗਾਲ ਹੁਣ ਬਦਲਾਅ ਦੀ ਰਾਹ @ਤੇ ਗਤੀ ਨਾਲ ਅੱਗੇ ਵੱਧ ਰਿਹਾ ਹੈ।੦

ਮੁੱਖ ਮੰਤਰੀ ਨੇ ਕਿਹਾ ਕਿ 24 ਪਰਗਨਾ ਦੀ ਖਾਸ ਪਹਿਚਾਣ ਹੈ ਕਿ ਇੱਥੇ ਜਨਤਾ ਮਿਹਨਤੀ, ਸਮੁੰਦਜ ਦੇ ਕੰਢੇ ਵਸੇ ਮਛੁਆਰੇ ਕਿਸਾਨ ਮਿਹਨਤ ਨਾਲ ਜੀਵਨ ਬਤੀਤ ਕਰ ਰਹੇ ਹਨ। ਕਿਸਾਨਾਂ ਨੂੰ ਸਹੂਲਤਾਂ ਤੇ ਬਾਜਾਰ ਨਹੀਂ ਮਿਲ ਰਹੇ, ਨੌਜੁਆਨ ਬੇਰੁਜ਼ਗਾਰ ਹਨ ਅਤੇ ਭ੍ਰਿਸ਼ਟਾਚਾਰ, ਤੁਸ਼ਟੀਕਰਣ ਅਤੇ ਹਿੰਸਾ ਦਾ ਬੋਲਬਾਲਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਕੁਦਰਤੀ ਆਫਤਾਂ ਤੇ ਚੱਕਰਵਾਤ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਵੀ ਨਹੀਂ ਕੀਤੀ। ਨਾਲੇ ਟੁੱਟ ਗਏ, ਖੇਤੀ ਵੱਗ ਗਈ, ਉਨ੍ਹਾਂ ਦਾ ਪੈਸਾ ਵੀ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਗਿਆ। ਬੰਗਾਲ ਦਾ ਭ੍ਰਿਸ਼ਟਾਚਾਰ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਸਰਕਾਰ ਜਨਤਾ ਦੇ ਨਾਲ ਬਹੁਤ ਅਨਿਆਂ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਧਰਤੀ ਦੇ ਮਹਾਪੁਰਸ਼ਾਂ ਨੇ ਦੇਸ਼ ਚਲਾਉਣ ਦਾ ਕੰਮ ਕੀਤਾ ਅਤੇ ਆਜਾਦੀ ਲਈ ਆਪਣਾ ਸੱਭ ਕੁੱਝ ਕੁਰਬਾਨ ਕਰ ਦਿੱਤਾ। ਉਨ੍ਹਾਂ ਦੇ ਲੋਕਾਂ ਨੂੰ ਇਹ ਦਿਨ ਦੇਖਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇੱਥੇ ਦਾ ਨੌਜੁਆਨ ਅਨਿਆਂ ਦੀ ਦੀਵਾਰ ਅਤੇ ਭ੍ਰਿਸ਼ਟਾਚਾਰੀ ਸਰਕਾਰ ਨੂੰ ਗਿਰਾਉਣ ਲਈ ਪ੍ਰਤੀਬੱਧ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਕੰਮ ਨਹੀਂ ਕੀਤਾ, ਸਗੋ ਬੰਗਾ ਤੋਂ ਉਦਯੋਗ ਉਜਾੜਣ ਦਾ ਕੰਮ ਕੀਤਾ ਹੈ। ਜਨਤਾ ਵਿੱਚ ਆਕ੍ਰੋਸ਼ ਹੈ। ਬੰਗਾਲ ਵਿੱਚ ਸਰਕਾਰ ਨੇ ਘੁਸਪੈਠੀਆਂ ਦੇ ਲਈ ਸੁਰੱਖਿਅਤ ਥਾਂ ਬਣਾਈ ਹੈ। ਸਰਕਾਰ ਦੀ ਗਲਤ ਨੀਤੀਆਂ ਦੇ ਕਾਰਨ ਲੋਕਤੰਤਰ ਖਤਰੇ ਵਿੱਚ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਯੂਸ਼ਮਾਨ ਭਾਰਤ ਵਰਗੀ ਯੋਜਨਾਵਾਂ ਦਾ ਉਦੇਸ਼ ਗਰੀਬ ਅਤੇ ਜਰੂਰਤਮੰਦ ਲੋਕਾਂ ਨੂੰ ਸਿਹਤ ਸੇਵਾਵਾਂ ਦਾ ਲਾਭ ਪਹੁੰਚਾਉਣਾ ਹੈ। ਹਰਿਆਣਾ ਵਿੱਚ 5 ਲੱਖ ਰੁਪਏ ਤੱਕ ਦਾ ਇਲਾਜ ਹਸਪਤਾਲਾਂ ਵਿੱਚ ਮੁਫਤ ਕੀਤਾ ਜਾ ਰਿਹਾ ਹੈ। ਹੁਣ ਤੱਕ 27 ਲੱਖ ਪਰਿਵਾਰਾਂ ਨੇ ਇਸ ਦਾ ਲਾਭ ਚੁੱਕਿਆ ਹੈ ਜਿਸ ਦੇ 450 ਕਰੋੜ ਰੁਪਏ ਕੇਂਦਰ ਸਰਕਾਰ ਨੇ ਦਿੱਤੇ ਹਨ, ਪਰ ਬੰਗਾਲ ਸਰਕਾਰ ਨੇ ਇਸ ਮਹਤੱਵਪੂਰਣ ਯੋਜਨਾ ਦਾ ਲਾਭ ਗਰੀਬਾਂ ਤੱਕ ਨਹੀਂ ਪਹੁੰਚਾਇਆ। ਉਨ੍ਹਾਂ ਨੇ ਚਿੰਤਾ ਜਤਾਈ ਕਿ ਕਈ ਯੋਗ ਲੋਕਾਂ ਤੱਕ ਇਸ ਯੋਜਨਾ ਦਾ ਲਾਭ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਕਾਰਣਾਂ ਨਾਲ ਨਹੀਂ ਪਹੁੰਚ ਪਾਇਆ। ਜਦੋਂ ਕਿ ਹਰਿਆਣਾ ਸਰਕਾਰ ਇਹ ਯਕੀਨੀ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਬਿਨ੍ਹਾ ਕਿਸੇ ਭੇਦਭਾਵ ਦੇ ਯੋਗ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿਲੱਖਣ ਤਰੱਕੀ ਕਰ ਰਿਹਾ ਹੈ ਅਤੇ ਭਾਰਤ ਦੀ ਵਿਸ਼ਵ ਪੱਧਰ @ਤੇ ਚੌਥੀ ਆਰਥਕ ਸ਼ਕਤੀ ਵਜੋ ਸਾਖ ਵਧੀ ਹੈ। ਇਹ ਪ੍ਰਧਾਨ ਮੰਤਰੀ ਦੀ ਦੂਰਦਰਸ਼ੀ ਸੋਚ ਅਤੇ ਵਿਕਾਸ ਦੀ ਰਾਜਨੀਤੀ ਨਾਲ ਹੀ ਸੰਭਵ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਖ-ਵੱਖ ਯੋਜਨਾਵਾਂ ਰਾਹੀਂ ਮਹਿਲਾਵਾਂ ਨੂੰ ਆਰਥਕ ਅਤੇ ਸਮਾਜਿਕ ਰੂਪ ਨਾਲ ਮਜਬੂਤ ਬਨਾਉਣ ਦਾ ਕੰਮ ਕਰ ਰਹੀ ਹੈ। ਜਦੋਂ ਤੱਕ ਨਾਰੀ ਸਸ਼ਕਤ ਨਹੀਂ ਹੁੰਦੀ ਉਦੋਂ ਤੱਕ ਦੇਸ਼ ਪੂਰੀ ਤਰ੍ਹਾ ਨਾਲ ਤਰੱਕੀ ਨਹੀਂ ਕਰ ਸਕਦਾ। ਇਸ ਲਈ ਸਰਕਾਰ ਨੇ ਤਿੰਨ ਲੱਖ ਮਹਿਲਾਵਾਂ ਨੂੰ ਲੱਖਪਤੀ ਦੀਦੀ ਬਨਾਉਣ ਦਾ ਫੈਸਲਾ ਕੀਤਾ ਹੈ। ਲਾਡੋ ਲੱਛਮੀ ਯੋਜਨਾ ਤਹਿਤ 2100 ਰੁਪਏ ਦੀ ਰਕਮ ਦਿੱਤੀ ਜਾ ਰਹੀ ਹੈ। ਹੁਣ ਤੱਕ 5 ਕਿਸਤਾਂ ਵਿੱਚ 750 ਕਰੋੜ ਰੁਪਏ ਦੀ ਰਕਮ ਮਹਿਲਾਵਾਂ ਨੂੰ ਦਿੱਤੀ ਜਾ ਚੁੱਕੀ ਹੈ।

ਉਨ੍ਹਾਂ ਨੇ ਕਿਹਾ ਕਿ ਜਿਸ ਰਾਜ ਵਿੱਚ ਮੁੱਖ ਮੰਤਰੀ ਮਹਿਲਾ ਹੋਣ @ਤੇ ਵੀ ਉੱਥੇ ਦੀ ਮਹਿਲਾਵਾਂ ਸੁਰੱਖਿਅਤ ਨਹੀਂ ਅਤੇ ਉਨ੍ਹਾਂ @ਤੇ ਜੁਲਮ ਹੋ ਰਿਹਾ ਹੈ। ਕੌਮਾਂਤਰੀ ਮਹਿਲਾ ਦਿਵਸ @ਤੇ ਦੇਸ਼ ਦੀ ਰਾਸ਼ਟਰਪਤੀ ਦਾ ਬੰਗਾਲ ਦੀ ਭੂਮੀ @ਤੇ ਅਪਮਾਨ ਹੋਇਆ ਹੈ। ਅਗਾਮੀ ਚੋਣ ਵਿੱਚ ਜਨਤਾ ਗਿਸ਼ੇਸ਼ਕਰ ਮਹਿਲਾਵਾਂ ਬੰਗਾਲ ਸਰਕਾਰ ਨੂੰ ਸਬਕ ਸਿਖਾਉਣ ਦਾ ਕੰਮ ਕਰਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਛੋਟਾ ਸੂਬਾ ਹੋਣ ਦੇ ਬਾਵਜੂਦ ਡਬਲ ਇੰਜਨ ਸਰਕਾਰ ਦੇ ਮਾਡਲ ਤਹਿਤ ਵਿਕਾਸ ਅਤੇ ਜਨਭਲਾਈ ਦੇ ਕਈ ਮਹਤੱਵਪੂਰਣ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਸਰਕਾਰ ਦੀ ਨੀਅਤ ਸਾਫ ਅਤੇ ਨੀਤੀਆਂ ਜਨਹਿੱਤ ਵਿੱਚ ਬਣਾਈ ਜਾਂਦੀ ਹੈ, ਤਾਂ ਉਨ੍ਹਾਂ ਦਾ ਲਾਭ ਸਿੱਧੇ ਜਨਤਾ ਤੱਕ ਪਹੁੰਚਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨੌਜੁਆਨਾ ਦੇ ਰੁਜ਼ਗਾਰ ਅਤੇ ਉਦਯੋਗਾਂ ਲਈ ਅਜਿਹੀ ਨੀਤੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ, ਜਿਸ ਵਿੱਚ ਉਦਯੋਗਾਂ ਨੂੰ ਪ੍ਰੋਤਸਾਹਨ ਮਿਲੇ ਅਤੇ ਨੌਜੁਆਨਾਂ ਦੇ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣ। ਉਨ੍ਹਾਂ ਨੇ ਕਿਹਾ ਕਿ ਵਿਕਾਸ ਕੇਂਦ੍ਰਿਤ ਸ਼ਾਸਨ ਨਾਲ ਉਦਯੋਗਾਂ ਦਾ ਪਲਾਇਨ ਰੁਕਦਾ ਹੈ ਅਤੇ ਨੌਜੁਆਨਾ ਨੂੰ ਆਪਣੇ ਹੀ ਰਾਜ ਵਿੱਚ ਬਿਹਤਰ ਰੁਜ਼ਗਾਰ ਦੇ ਮੌਕੇ ਮਿਲਦੇ ਹਨ।

ਮੁੱਖ ਮੰਤਰੀ ਨੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਅਤੇ ਪਾਰਦਰਸ਼ਿਤਾ ਦੀ ਜਰੂਰਤ @ਤੇ ਵੀ ਜੋਰ ਦਿੰਦੇ ਹੋਏ ਕਿਹਾ ਕਿ ਦੇਸ਼ ਦੀ ਜਨਤਾ ਵਿਕਾਸ, ਸੁਸਾਸ਼ਨ ਅਤੇ ਜਵਾਬਦੇਹੀ ਚਾਹੁੰਦੀ ਹੈ। ਉਨ੍ਹਾਂ ਨੇ ਲੋਕਾਂ ਤੋਂ ਵਿਕਾਸ ਅਤੇ ਪ੍ਰਗਤੀ ਦੀ ਰਾਜਨੀਤੀ ਦਾ ਸਮਰਥਨ ਕਰਨ ਦੀ ਅਪੀਲ ਕਰਦੇ ਹੋਏ ਇੱਕ ਮਜਬੂਤ ਤੇ ਖੁਸ਼ਹਾਲ ਬੰਗਾਲ ਦੇ ਨਿਰਮਾਣ ਵਿੱਚ ਯੋਗਦਾਨ ਦੇਣ ਦੀ ਅਪੀਲ ਕੀਤੀ। ਪ੍ਰੋਗਰਾਮ ਵਿੱਚ ਪਹੁੰਚਣ @ਤੇ ਗ੍ਰਾਮੀਣਾਂ ਨੇ ਫੁੱਲਾਂ ਦੀ ਵੱਰਖਾ ਕਰ ਮੁੱਖ ਮੰਤਰੀ ਦਾ ਸਵਾਗਤ ਕੀਤਾ।

# ਐਚਪੀਵੀ ਟੀਕਾਕਰਣ ਮੁਹਿੰਮ ਲਈ ਮੀਡੀਆ ਸਹਿਯੋਗ ਜ਼ੂਰੀ : ਐਨਐਚਐਮ ਹਰਿਆਣਾ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਹੈਲਥ ਮਿਸ਼ਨ, ਹਰਿਆਣਾ ਦੇ ਮਿਸ਼ਨ ਨਿਦੇਸ਼ਕ ਨੇ ਰਾਜ ਵਿੱਚ ਚਲਾਏ ਜਾ ਰਹੇ ਐਚਪੀਵੀ (ਹਿਊਮਨ ਪੈਪਿਲੋਮਾ ਵਾਇਰਸ) ਟੀਕਾਕਰਣ ਮੁਹਿੰਮ ਦੀ ਸਫਲਤਾ ਲਈ ਮੀਡੀਆ ਅਤੇ ਜਨਸੰਪਰਕ ਸਰੋਤਾਂ ਨਾਲ ਸਹਿਯੋਗ ਦੀ ਅਪੀਲ ਕੀਤੀ ਹੈ।

ਉਨ੍ਹਾਂ ਨੇ ਇੱਥੇ ਜਾਰੀ ਬਿਆਨ ਵਿੱਚ ਦਸਿਆ ਕਿ ਭਾਰਤ ਸਰਕਾਰ ਨੇ ਐਚਪੀਵੀ ਵੈਕਸੀਨ ਨੂੰ ਨਿਯਮਤ ਟੀਕਾਕਰਣ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਹੈ। ਵਿਸ਼ਵ ਪੱਧਰ @ਤੇ ਸਰਵਾਈਕਲ ਕੈਂਸਰ ਮਹਿਲਾਵਾਂ ਵਿੱਚ ਚੌਥਾ ਸੱਭ ਤੋਂ ਆਮ ਕੈਂਸਰ ਹੈ, ਜਦੋਂ ਕਿ ਭਾਰਤ ਵਿੱਚ ਇਹ ਮਹਿਲਾਵਾਂ ਵਿੱਚ ਹੋਣ ਵਾਲਾ ਦੂਜਾ ਸੱਭ ਤੋਂ ਵੱਡਾ ਕੈਂਸਰ ਹੈ। ਮਾਹਰਾਂ ਅਨੁਸਾਰ ਜਿਆਦਾਤਰ ਸਰਵਾਈਕਲ ਕੈਂਸਰ ਦੇ ਮਾਮਲੇ ਜਨਨਾਂਗ ਮਾਰਗ ਵਿੱਚ ਉੱਚ ਜੋਖਿਮ ਵਾਲੇ ਹਿਊਮਲ ਪੈਪਿਲੋਕਾ ਵਾਇਰਸ ਸੰਕ੍ਰਮਣ ਦੇ ਕਾਰਨ ਹੁੰਦੇ ਹਨ।

ਉਨ੍ਹਾਂ ਨੇ ਦਸਿਆ ਕਿ ਐਚਪੀਵੀ ਵੈਕਸੀਨ ਦਾ ਵਿਸ਼ੇਸ਼ ਮੁਹਿੰਮ 28 ਫਰਵਰੀ, 2026 ਤੋਂ ਸ਼ੁਰੂ ਕੀਤੀ ਗਈ ਹੈ, ਜੋ ਤਿੰਨ ਮਹੀਨੇ ਤੱਕ ਚੱਲੇਗੀ। ਇਸ ਮੁਹਿੰਮ ਦੌਰਾਨ ਵੈਕਸੀਨ-ਸਿੰਗਲ ਡੋਜ਼ ਸ਼ੈਡੀਯੂਲ ਤਹਿਤ ਦਿੱਤੀ ਜਾ ਰਹੀ ਹੈ। ਮੁਹਿੰਮ ਦੌਰਾਨ ਟ੍ਰੇਨਡ ਸਿਹਤ ਕਰਮਚਾਰੀ ਦੀ ਤੈਨਾਤੀ, ਵੈਕਸੀਨ ਦੇ ਸਹੀ ਸਟੋਰੇਜ ਅਤੇ ਸੁਰੱਖਿਆ ਦੀ ਸਖਤ ਨਿਗਰਾਨੀ ਯਕੀਨੀ ਕੀਤੀ ਜਾ ਰਹੀ ਹੈ। ਇਹ ਵਿਵਸਥਾ ਭਵਿੱਖ ਵਿੱਚ ਇਸ ਨੂੰ ਨਿਯਮਤ ਟੀਕਾਕਰਣ ਪ੍ਰੋਗਰਾਮ ਦਾ ਹਿੱਸਾ ਬਨਾਉਣ ਲਈ ਮਜਬੂਤ ਆਧਾਰ ਤਿਆਰ ਕਰੇਗੀ।

ਨਿਦੇਸ਼ਕ ਨੇ ਦਸਿਆ ਕਿ 14 ਸਾਲ ਦੀ ਉਮਰ ਦੀ ਕੁੜੀਆਂ-ਜਿਨ੍ਹਾਂ ਨੇ ਆਪਣਾ 14ਵਾਂ ਜਨਮਦਿਨ ਪੂਰਾ ਕਰ ਲਿਆ ਹੈ ਪਰ ਹੁਣੀ 15 ਸਾਲ ਦੀ ਨਹੀਂ ਹੋਈਆਂ ਹਨ-ਐਚਪੀਵੀ ਟੀਕਾਕਰਣ ਲਈ ਯੋਗ ਹਨ। ਯੋਗ ਕੁੜੀਆਂ ਨੂੰ ਨਿਰਧਾਰਿਤ ਸਿਹਤ ਕੇਂਦਰਾਂ @ਤੇ ਟੀਕਾ ਲਗਾਇਆ ਜਾਵੇਗਾ, ਬੇਸ਼ਰਤੇ ਉਨ੍ਹਾਂ ਨੇ ਪਹਿਲਾਂ ਕਿਤੇ ਵੀ ਐਚਪੀਵੀ ਵੈਕਸੀਨ ਦੀ ਕੋਈ ਖੁਰਾਕ ਨਾ ਲਈ ਹੋਵੇ।

ਉਨ੍ਹਾਂ ਨੇ ਕਿਹਾ ਕਿ ਮੁਹਿੰਮ ਦੀ ਸਫਲਤਾ ਲਈ ਮੀਡੀਆ ਦੀ ਮਹਤੱਵਪੂਰਣ ਭੂਕਿਮਾ ਹੈ। ਇਸ ਸਬੰਧ ਵਿੱਚ ਮੀਡੀਆ ਵਰਕਸ਼ਾਂਪਸ ਦਾ ਆਯੋਜਨ, ਐਚਪੀਵੀ ਟੀਕਾਕਰਣ ਕੈਂਪਾਂ ਦੇ ਪ੍ਰਚਾਰ-ਪ੍ਰਸਾਰ ਵਿੱਚ ਜਨਮਾਧਿਅਮਾਂ ਦੀ ਭਾਗੀਦਾਰੀ ਅਤੇ ਸੋਸ਼ਲ ਮੀਡੀਆ ਰਾਹੀਂ ਟੀਕਾਕਰਣ ਦੇ ਪ੍ਰਤੀ ਸਕਾਰਾਤਮਕ ਸੰਦੇਸ਼ ਫੈਲਾਉਣ ਦਾ ਸਹਿਯੋਗ ਮੰਗਿਆ ਗਿਆ ਹੈ।

ਐਨਐਚਐਮ ਹਰਿਆਣਾ ਦੇ ਨਿਦੇਸ਼ਕ ਨੇ ਕਿਹਾ ਕਿ ਮੀਡੀਆ ਦੇ ਸਹਿਯੋਗ ਨਾਲ ਲੋਕਾਂ ਵਿੱਚ ਜਾਗਰੁਕਤਾ ਵਧੇਗੀ ਅਤੇ ਵੱਧ ਤੋਂ ਵੱਧ ਯੋਗ ਕੁੜੀਆਂ ਟੀਕਾਕਰਣ ਦਾ ਲਾਭ ਚੁੱਕ ਸਕਣਗੀਆਂ, ਜਿਸ ਨਾਲ ਭਵਿੱਖ ਵਿੱਚ ਸਰਵਾਈਕਲ ਕੈਂਸਰ ਦੀ ਰੋਕਥਾਮ ਵਿੱਚ ਮਦਦ ਮਿਲੇਗੀ

# ਹਰਿਆਣਾ ਦੇ ਕਰਮਚਾਰਿਆਂ ਅਤੇ ਪੇਨਸ਼ਨਰਾਂ ਨੂੰ ਪੰਜਾਬ ਦੇ ਚਾਰ ਵੱਡੇ ਹਸਪਤਾਲਾਂ ਵਿੱਚ ਮਿਲੇਗਾ ਇਲਾਜ : ਸਿਹਤ ਮੰਤਰੀ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਦੇ ਕਰਮਚਾਰਿਆਂ, ਪੇਨਸ਼ਨਰਾਂ ਅਤੇ ਉਨ੍ਹਾਂ ਦੇ ਪਰਿਵਾਰਜਨਾਂ ਲਈ ਸਿਹਤ ਸਹੂਲਤਾਂ ਨੂੰ ਹੋਰ ਬੇਹਤਰ ਬਨਾਉਣ ਦੀ ਦਿਸ਼ਾ ਵਿੱਚ ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਇੱਕ ਮਹਤੱਵਪੂਰਨ ਕਦਮ ਚੁੱਕਿਆ ਹੈ। ਉਨ੍ਹਾਂ ਦੇ ਯਤਨਾਂ ਨਾਲ ਹੁਣ ਹਰਿਆਣਾ ਸਰਕਾਰ ਦੇ ਕਰਮਚਾਰਿਆਂ, ਪੇਨਸ਼ਨਰਾਂ ਅਤੇ ਉਨ੍ਹਾਂ ਦੇ ਪਰਿਵਾਰਜਨਾਂ ਨੂੰ ਪੰਜਾਬ ਦੇ ਚਾਰ ਪ੍ਰਮੁੱਖ ਹਸਪਤਾਲਾਂ ਵਿੱਚ ਉਪਚਾਰ ਦੀ ਸਹੂਲਤ ਮਿਲ ਸਕੇਗੀ।

ਸਿਹਤ ਮੰਤਰੀ ਨੇ ਦੱਸਿਆ ਕਿ ਹਰਿਆਣਾ ਸਰਕਾਰ ਨੇ ਪੰਜਾਬ ਦੇ ਚਾਰ ਪ੍ਰਮੁੱਖ ਹਸਪਤਾਲਾਂ ਨੂੰ ਇਲਾਜ ਲਈ ਲਿਸਟਿਡ ਕੀਤਾ ਹੈ।

ਇਨ੍ਹਾਂ ਵਿੱਚ ਹੋਮੀ ਭਾਬਾ ਕੈਂਸਰ ਹਸਪਤਾਲ ਐਂਡ ਰਿਸਰਚ ਸੇਂਟਰ, ਮੁੱਲਾਪੁਰ, ਪੰਜਾਬ ( ਇਹ ਟਾਟਾ ਮੇਮੋਰਿਅਲ ਸੇਂਟਰ ਮੁੰਬਈ ਦੀ ਯੂਨਿਟ ਹੈ ), ਹੋਮੀ ਭਾਬਾ ਕੈਂਸਰ ਹਸਪਤਾਲ, ਸੰਗਰੂਰ, ਪੰਜਾਬ ( ਇਹ ਵੀ ਟਾਟਾ ਮੇਮੋਰਿਅਲ ਸੇਂਟਰ ਮੁੰਬਈ ਦੀ ਯੂਨਿਟ ਹੈ ), ਰੀਜਨਲ ਸਪਾਇਨਲ ਇੰਜਰੀਜ ਸੇਂਟਰ, ਸੈਕਟਰ-70 ਮੋਹਾਲੀ ਅਤੇ ਪੰਜਾਬ ਇੰਸਟੀਟਯੂਟ ਆਫ਼ ਲਿਵਰ ਐਂਡ ਬਿਲਿਅਰੀ ਸਾਇੰਸ, ਫੇਜ-3 ਬੀ 1, ਸੈਕਟਰ-60 ਮੋਹਾਲੀ ਸ਼ਾਮਲ ਹਨ। ਇਨ੍ਹਾਂ ਹਸਪਤਾਲਾਂ ਵਿੱਚ ਕੈਂਸਰ, ਰੀਢ ਦੀ ਚੋਟ ਅਤੇ ਲਿਵਰ ਨਾਲ ਸਬੰਧਿਤ ਗੰਭੀਰ ਬੀਮਾਰਿਆਂ ਦਾ ਉੱਨਤ ਇਲਾਜ ਉਪਲਬਧ ਹੈ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਇਹ ਫੈਸਲਾ ਰਾਜ ਦੇ ਕਰਮਚਾਰਿਆਂ ਅਤੇ ਪੇਨਸ਼ਨਰਾਂ ਨੂੰ ਬੇਹਤਰ ਅਤੇ ਵਿਸ਼ੇਸ਼ ਇਲਾਜ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਕਈ ਵਾਰ ਗੰਭੀਰ ਬੀਮਾਰਿਆਂ ਦੇ ਇਲਾਜ ਲਈ ਵਿਸ਼ੇਸ਼ ਹਸਪਤਾਲਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਹਸਪਤਾਲਾਂ ਨੂੰ ਲਿਸਟਿਡ ਕੀਤੇ ਜਾਣ ਨਾਲ ਮਰੀਜਾਂ ਨੂੰ ਸਮੇ ਸਿਰ ਹੋਰ ਬੇਹਤਰ ਇਲਾਜ ਮਿਲ ਸਕੇਗਾ।

ਸਿਹਤ ਵਿਭਾਗ ਦੇ ਬੁਲਾਰੇ ਨੇ ਅੱਗੇ ਜਾਣਕਾਰੀ ਦਿੱਤੀ ਕਿ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਕਿਸੇ ਵੀ ਅਰਮਜੰਸੀ , ਆਪਦਾ, ਮਹਾਮਾਰੀ ਜਾਂ ਸਰਕਾਰੀ ਹਸਪਤਾਲਾਂ ਵਿੱਚ ਮਰੀਜਾਂ ਦੀ ਵੱਧ ਗਿਣਤੀ ਹੋਣ ਦੀ ਸਥਿਤੀ ਵਿੱਚ ਇਹ ਲਿਸਟਿਡ ਹਸਪਤਾਲ ਏਂਬੁਲੇਂਸ, ਆਈਸੀਯੂ/ ਸੀਸੀਯੂ, ਬਰਨ ਯੂਨਿਟ, ਵਾਰਡ, ਬੈਡ ਅਤੇ ਮੋਰਚਰੀ ਜਿਹੀ ਸਹੂਲਤਾਂ ਵੀ ਲੋੜ ਅਨੁਸਾਰ ਮੁਹੱਈਆ ਕਰਾਉਣਗੇ।

ਇਹ ਨਿਰਦੇਸ਼ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਪ੍ਰਭਾਵੀ ਹੋ ਗਏ ਹਨ। ਵਿਸਥਾਰ ਜਾਣਕਾਰੀ ਹਰਿਆਣਾ ਦੇ ਸਿਹਤ ਵਿਭਾਗ ਦੀ ਅਧਿਕਾਰਿਕ ਵੇਬਸਾਇਟ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਦੇ ਕਰਮਚਾਰਿਆਂ, ਪੇਨਸ਼ਨਰਾਂ ਅਤੇ ਆਮ ਜਨਤਾ ਨੂੰ ਬੇਹਤਰ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਕਦਮ ਚੁੱਕੇ ਜਾਂਦੇ ਰਹਿਣਗੇ।

# ਕਿਸਾਨੀ ਖੇਤਰ ਲਈ ਘੱਟ ਬਜਟ ਅਤੇ ਖੇਤੀ ਨੀਤੀ ਵਿੱਚ ਦੇਰੀ ’ਤੇ ਰਾਣਾ ਗੁਰਜੀਤ ਸਿੰਘ ਦੀ ਚਿੰਤਾ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਵਿੱਚ ਰਾਜ ਦੇ ਬਜਟ ’ਤੇ ਚੱਲ ਰਹੀ ਚਰਚਾ ਦੌਰਾਨ ਕਪੂਰਥਲਾ ਤੋਂ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਅੱਜ ਵਿੱਤੀ ਵਰ੍ਹੇ 2026-27 ਲਈ ਰਾਜ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਲਈ ਰੱਖੇ ਗਏ ਕੇਵਲ ?15,377 ਕਰੋੜ ਦੇ ਬਜਟ ਪ੍ਰਬੰਧ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਭਾਵੇਂ ਬਜਟ ਵਿੱਚ ਫਸਲੀ ਵਿਭਿੰਨਤਾ (ਕਰਾਪ ਡਾਇਵਰਸੀਫਿਕੇਸ਼ਨ) ਦਾ ਜ਼ਿਕਰ ਕੀਤਾ ਗਿਆ ਹੈ, ਪਰ ਇਹ ਸਿਰਫ਼ ਕਾਗਜ਼ਾਂ ਤੱਕ ਹੀ ਸੀਮਿਤ ਦਿਖਾਈ ਦਿੰਦਾ ਹੈ ਅਤੇ ਇਸ ਨਾਲ ਪੰਜਾਬ ਦੀ ਫਸਲੀ ਪ੍ਰਣਾਲੀ ਵਿੱਚ ਅਸਲ ਬਦਲਾਅ ਲਿਆਉਣ ਲਈ ਲੋੜੀਂਦੀ ਗੰਭੀਰਤਾ ਨਹੀਂ ਦਿਖਦੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਚਾਰ ਸਾਲ ਬੀਤ ਚੁੱਕੇ ਹਨ, ਪਰ ਉਸ ਵੇਲੇ ਵਾਅਦਾ ਕੀਤੀ ਗਈ ਖੇਤੀ ਨੀਤੀ ਅਜੇ ਤੱਕ ਜਾਰੀ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਪੰਜਾਬ ਮੁੱਖ ਤੌਰ ’ਤੇ ਖੇਤੀਬਾੜੀ ਉੱਤੇ ਆਧਾਰਿਤ ਰਾਜ ਹੈ ਅਤੇ ਕਿਸਾਨਾਂ ਨੂੰ ਸਪਸ਼ਟ ਦਿਸ਼ਾ ਦੇਣ ਲਈ ਇੱਕ ਮਜ਼ਬੂਤ ਅਤੇ ਵਿਸਥਾਰਪੂਰਕ ਖੇਤੀ ਨੀਤੀ ਦੀ ਤੁਰੰਤ ਲੋੜ ਹੈ। ਕਿਸਾਨੀ ਖੇਤਰ ਹੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਮੌਜੂਦਾ ਹਾਲਾਤ ਦਰਸਾਉਂਦੇ ਹਨ ਕਿ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਹੀ ਹੈ, ਉਨ੍ਹਾਂ ਨੇ ਸਭਾ ਵਿੱਚ ਕਿਹਾ।

ਰਾਣਾ ਗੁਰਜੀਤ ਸਿੰਘ ਨੇ ਜ਼ਮੀਨੀ ਪਾਣੀ ਦੀ ਰਖ ਰਖਾਉ ਨੂੰ ਸਮੇਂ ਦੀ ਵੱਡੀ ਲੋੜ ਦੱਸਦਿਆਂ ਸਰਕਾਰ ਨੂੰ ਅਪੀਲ ਕੀਤੀ ਕਿ ਫਸਲੀ ਵਿਭਿੰਨਤਾ ਨੂੰ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਨੇ ਕਿਸਾਨਾਂ ਨੂੰ ਰਵਾਇਤੀ ਝੋਨਾ ਅਤੇ ਕਣਕ ਦੀ ਖੇਤੀ ਤੋਂ ਇਲਾਵਾ ਹੋਰ ਫਸਲਾਂ ਵੱਲ ਮੋੜਨ ਲਈ ਮੱਕੀ ਦੀ ਵੱਡੇ ਪੱਧਰ ’ਤੇ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਉਗਾਈ ਜਾਣ ਵਾਲੀ ਮੱਕੀ ਦੀ ਕਿਸਮ ਉੱਤਰੀ ਅਮਰੀਕੀ ਦੇਸ਼ਾਂ ਨਾਲੋਂ ਵੀ ਬਿਹਤਰ ਹੈ, ਜਿੱਥੇ ਜ਼ਿਆਦਾਤਰ ਜੈਨੀਟੀਕਲੀ ਮੋਡੀਵਾਈਡ ਮੱਕੀ ਦੀਆਂ ਕਿਸਮਾਂ ਦੀ ਖੇਤੀ ਹੁੰਦੀ ਹੈ।ਉਨ੍ਹਾਂ ਇਹ ਵੀ ਦਰਸਾਇਆ ਕਿ ਰਾਜ ਵਿੱਚ ਕਣਕ ਅਤੇ ਚੌਲ ਦੀ ਸਟੋਰੇਜ ਲਈ ਥਾਂ ਦੀ ਭਾਰੀ ਕਮੀ ਹੈ, ਕਿਉਂਕਿ ਪਿਛਲੇ ਸੀਜ਼ਨਾਂ ਦਾ ਵੱਡਾ ਅਨਾਜ ਭੰਡਾਰ ਪਹਿਲਾਂ ਹੀ ਗੋਦਾਮਾਂ ਵਿੱਚ ਪਿਆ ਹੈ। ਉਨ੍ਹਾਂ ਕਿਹਾ, ਸਟੋਰੇਜ ਸੰਕਟ ਦਾ ਪੱਕਾ ਹੱਲ ਫਸਲੀ ਵਿਭਿੰਨਤਾ ਵਿੱਚ ਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 1 ਅਪ੍ਰੈਲ ਤੋਂ ਜਦੋਂ ਰਬੀ ਦੀ ਕਣਕ ਮੰਡੀਆਂ ਵਿੱਚ ਆਉਣੀ ਸ਼ੁਰੂ ਹੋਵੇਗੀ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਵੇਗੀ। ਉਨ੍ਹਾਂ ਸਵਾਲ ਕੀਤਾ, ਇੰਨਾ ਵੱਡਾ ਅਨਾਜ ਭੰਡਾਰ ਰਾਜ ਦੀ ਸਰਕਾਰ ਕਿੱਥੇ ਸੰਭਾਲੇਗੀ ?

ਆਪਣੇ ਤਜਰਬੇ ਦਾ ਹਵਾਲਾ ਦਿੰਦਿਆਂ ਰਾਣਾ ਗੁਰਜੀਤ ਸਿੰਘ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀਆਂ ਸਲਾਹਾਂ ’ਤੇ ਵੀ ਵਿਚਾਰ ਕਰੇ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ ਨੂੰ ਸ਼ੂਗਰ ਬੀਟ, ਮੱਕੀ ਵਰਗੀਆਂ ਨਕਦੀ ਫਸਲਾਂ ਦੀ ਖੇਤੀ ਲਈ ਪ੍ਰੇਰਿਤ ਕਰ ਰਹੇ ਹਨ ਅਤੇ ਹੁਣ ਕਸਾਵਾ ਉਲ੍ਹਝਦੀ ਖੇਤੀ ’ਤੇ ਵੀ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੂੰ ਲੰਬੇ ਸਮੇਂ ਲਈ ਮਜ਼ਬੂਤ ਬਣਾਉਣ ਲਈ ਸਿਆਸੀ ਫ਼ਰਕਾਂ ਤੋਂ ਉੱਪਰ ਉੱਠ ਕੇ ਸਾਂਝੇ ਯਤਨ ਕਰਨ ਦੀ ਲੋੜ ਹੈ।

ਰਾਣਾ ਗੁਰਜੀਤ ਸਿੰਘ ਨੇ ਸਿੰਚਾਈ ਲਈ ਨਹਿਰੀ ਪਾਣੀ ਦੀ ਵਰਤੋਂ ਵਿੱਚ ਹੋਏ ਵਾਧੇ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਇਹ ਦਰ 67 ਫੀਸਦੀ ਤੱਕ ਪਹੁੰਚ ਸਕਦੀ ਹੈ ਤਾਂ ਇਸਨੂੰ 100 ਫੀਸਦੀ ਤੱਕ ਕਿਉਂ ਨਹੀਂ ਲਿਆਂਦਾ ਜਾ ਸਕਦਾ। ਉਨ੍ਹਾਂ ਕਿਹਾ ਕਿ ਮੱਕੀ ਦੀ ਖੇਤੀ ਨਹਿਰੀ ਪਾਣੀ ਦੀ ਪ੍ਰਭਾਵਸ਼ਾਲੀ ਵਰਤੋਂ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ।

ਉਨ੍ਹਾਂ ਇਹ ਵੀ ਜ਼ੋਰ ਦਿੱਤਾ ਕਿ ਲੁਧਿਆਣਾ ਸਥਿਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਾਲੀਆਂ ਨਵੀਆਂ ਫਸਲਾ ਦੀਆਂ ਕਿਸਮਾਂ ਵਿਕਸਤ ਕਰਨ ’ਤੇ ਹੋਰ ਧਿਆਨ ਦੇਣਾ ਚਾਹੀਦਾ ਹੈ।

# ਹਰਿਆਣਾ ਦੇ ਸ਼ਰਧਾਲੂਆਂ ਨੂੰ ਟ੍ਰੇਨ ਰਾਹੀਂ ਕਰਵਾਏ ਜਾਣਗੇ ਤੀਰਥ ਸਥਲਾਂ ਦੇ ਨਿਸ਼ੁਲਕ ਦਰਸ਼ਨ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੂਬੇ ਦੇ ਯੋਗ ਬਜੁਰਗ ਸ਼ਰਧਾਲੂਆਂ ਨੂੰ ਹੁਣ ਟ੍ਰੇਨ ਰਾਹੀਂ ਵੱਖ ਵੱਖ ਤੀਰਥ ਸਥਲਾਂ ਦੇ ਦਰਸ਼ਨ ਕਰਾਵੇਗੀ।

ਇਸ ਦੇ ਲਈ ਹਰਿਆਣਾ ਸਰਕਾਰ ਅਤੇ ਆਈ.ਆਰ.ਸੀ.ਟੀ.ਸੀ. ਵਿੱਚਕਾਰ ਸਮਝੌਤਾ ਮੈਮੋ @ਤੇ ਹਸਤਾਖਰ ਕੀਤੇ ਗਏ ਹਨ। ਸਰਕਾਰ ਵੱਲੋਂ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੁਰੰਗ ਅਤੇ ਆਈਆਰਸੀਟੀਸੀ ਵੱਲੋਂ ਸਰਕਲ ਰਿਜਨਲ ਮੈਨੇਜਰ ਸ੍ਰੀ ਹਰਜੋਤ ਸਿੰਘ ਸੰਧੂ ਨੇ ਐਮਓਯੂ @ਤੇ ਹਸਤਾਖਰ ਕੀਤੇ।

ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੁਰੰਗ ਨੇ ਦੱਸਿਆ ਕਿ ਹਰਿਆਣਾ ਸਰਕਾਰ ਵੱਲੋਂ ਸੂਬੇ ਦੇ ਯੋਗ ਬਜੁਰਗ ਸ਼ਰਧਾਲੂਆਂ ਨੂੰ ਵੱਖ ਵੱਖ ਤੀਰਥ ਸਥਲਾਂ ਦੀ ਮੁਫਤ ਯਾਤਰਾ ਕਰਵਾਉਣ ਲਈ ਹਰਿਆਣਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ।

ਇਸ ਦੇ ਤਹਿਤ ਹੁਣ ਤੱਕ ਵੱਖ ਵੱਖ ਜ਼ਿਲ੍ਹਿਆਂ ਤੋਂ ਹਰਿਆਣਾ ਟ੍ਰਾਂਸਪੋਰਟ ਵਿਭਾਗ ਦੀ ਵੋਲਵੋ ਬੱਸਾਂ ਰਾਹੀਂ ਹਜ਼ਾਰਾਂ ਯੋਗ ਬਜੁਰਗਾਂ ਨੂੰ ਅਯੋਧਿਆ ਸਮੇਤ ਵੱਖ ਵੱਖ ਤੀਰਥ ਸਥਲਾਂ ਦੇ ਮੁਫਤ ਦਰਸ਼ਨ ਕਰਵਾਏ ਜਾ ਚੁੱਕੇ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਆਦੇਸ਼ @ਤੇ ਸ਼ਰਧਾਲੂਆਂ ਲਈ ਟ੍ਰੇਨ ਰਾਹੀਂ ਵੀ ਤੀਰਥ ਸਥਲਾਂ ਦੇ ਦਰਸ਼ਨ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ।

ਇਸ ਦੇ ਤਹਿਤ ਹਰਿਆਣਾ ਸਰਕਾਰ ਅਤੇ ਆਈਆਰਸੀਟੀਸੀ ਵਿੱਚਕਾਰ ਸਮਝੌਤਾ ਮੈਮੋ ਸਾਇਨ ਕੀਤਾ ਗਿਆ ਹੈ। ਇਸ ਮੌਕੇ @ਤੇ ਰੇਲਵੇ ਤੋਂ ਸ੍ਰੀ ਹਰਸ਼ ਦੀਪ ਅਤੇ ਸ੍ਰੀ ਨਿਤਿਨ ਸ਼ਰਮਾ ਅਤੇ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਵਧੀਕ ਨਿਦੇਸ਼ਕ ਸ੍ਰੀ ਰਣਬੀਰ ਸਿੰਘ ਸਾਂਗਵਾਨ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੁਰੰਗ ਨੇ ਦੱਸਿਆ ਕਿ ਆਈਆਰਸੀਟੀਸੀ ਨਾਲ ਹੋਏ ਸਮਝੌਤੇ ਤਹਿਤ ਹਰਿਆਣਾ ਤੋਂ ਅਯੋਧਿਆ, ਵਾਰਾਣਸੀ, ਪਟਨਾ ਸਾਹਿਬ, ਨਾਂਦੇੜ ਸਾਹਿਬ, ਪੁਸ਼ਕਰ ਜੀ, ਵੈਸ਼ਣੋ ਦੇਵੀ ਅਤੇ ਸ਼ਿਰਡੀ ਅਤੇ ਸ਼ਨੀ ਸ਼ਿੰਗਣਾਪੁਰ ਤੀਰਥ ਸਥਲਾਂ ਦੀ ਯਾਤਰਾ ਕਰਵਾਉਣ ਬਾਰੇ ਸਮਝੌਤਾ ਹੋਇਆ ਹੈ। ਲੋੜ ਅਨੁਸਾਰ ਹੋਰ ਤੀਰਥ ਸਥਲ ਵੀ ਜੋੜੇ ਜਾ ਸਕਦੇ ਹਨ।

ਉਨ੍ਹਾਂ ਨੇ ਦੱਸਿਆ ਕਿ ਇੱਕ ਟ੍ਰੇਨ ਵਿੱਚ 11 ਕੋਚ ਹੋਣਗੇ। ਇਨ੍ਹਾਂ ਵਿੱਚੋਂ 10 ਕੋਚ ਸ਼ਰਧਾਲੂਆਂ ਲਈ ਅਤੇ ਇੱਕ ਕੋਚ ਸਰਵਿੰਗ ਸਟਾਫ ਲਈ ਰਵੇਗ

ਯਾਤਰਾ ਦੌਰਾਨ ਸ਼ਰਧਾਲੂਆਂ ਲਈ ਖਾਣ-ਪੀਣ ਦੀ ਵਿਵਸਥਾ, ਨਜਦੀਕੀ ਰੇਵਲੇ ਸਟੇਸ਼ਨ ਤੋਂ ਸ਼ਰਧਾਲੂਆਂ ਨੂੰ ਤੀਰਥ ਸਥਲ ਤੱਕ ਪਹੁੰਚਾਉਣ ਲਈ ਬੱਸਾਂ ਦਾ ਪ੍ਰਬੰਧ ਅਤੇ ਠਹਿਰਣ ਦੀ ਵਿਵਸਥਾ ਵੀ ਹਰਿਆਣਾ ਸਰਕਾਰ ਵੱਲੋਂ ਮੁਫਤ ਕੀਤੀ ਜਾਵੇਗੀ।

ਹਰਿਆਣਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ 60 ਸਾਲ ਤੋਂ ਵੱਧ ਉਮਰ ਦੇ ਹਰਿਆਣਾ ਦੇ ਸੀਨੀਅਰ ਨਾਗਰਿਕਾਂ, ਜਿਨ੍ਹਾਂ ਦੀ ਆਮਦਣ 1.80 ਲੱਖ ਰੁਪਏ ਤੋਂ ਘੱਟ ਹੈ, ਨੂੰ ਮੁਫਤ ਪਵਿੱਤਰ ਸਥਲਾਂ ਦੀ ਯਾਤਰਾ ਕਰਵਾਈ ਜਾਂਦੀ ਹੈ। ਯੋਜਨਾ ਦਾ ਲਾਭ ਚੁੱਕਣ ਲਈ ਯੋਗ ਵਿਅਕਤੀ ਤੀਰਥ ਯਾਤਰਾ ਲਈ ਅਧਿਕਾਰਿਕ ਪੋਰਟਲ @ਤੇ ਰਜਿਸਟ੍ਰੇਸ਼ਨ ਕਰਦੇ ਹਨ।

# ਸਿਹਤ ਮੰਤਰੀ ਨੇ ਸੁਣੀ ਆਮਜਨ ਦੀ ਸਮੱਸਿਆਵਾਂ



**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਅੱਜ ਚੰਡੀਗੜ੍ਹ ਸਥਿਤ ਆਪਣੇ ਸਰਕਾਰੀ ਆਵਾਸ @ਤੇ ਆਮਜਨ ਦੀ ਸਮੱਸਿਆਵਾਂ ਸੁਣੀਆਂ ਅਤੇ ਸਬੰਧਿਤ ਕਰਮਚਾਰਿਆਂ ਨੂੰ ਉਨ੍ਹਾਂ ਦੇ ਜਲਦ ਹੱਲ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਲੋਕਾਂ ਨੇ ਸਿਹਤ ਸੇਵਾਵਾਂ, ਪ੍ਰਸਾਸਨਿਕ ਕੰਮਾਂ ਅਤੇ ਹੋਰ ਜਨਭਲਾਈ ਨਾਲ ਜੁੜੇ ਮੁੱਦਿਆਂ ਨੂੰ ਮੰਤਰੀ ਸਾਹਮਣੇ ਰੱਖਿਆ। ਸਿਹਤ ਮੰਤਰੀ ਨੇ ਸਾਰੇ ਲੋਕਾਂ ਦੀ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਅਧਿਕਾਰਿਆਂ ਨੂੰ ਲੋੜਵੰਦ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਇਸ ਮੌਕੇ @ਤੇ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬਾ ਸਰਕਾਰ ਆਮ ਜਨਤਾ ਦੀ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਅਤੇ ਕਿਸੇ ਹੋਰ ਵੀ ਨਾਗਰਿਕ ਨੂੰ ਪਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਾਪਤ ਸ਼ਿਕਾਇਤਾਂ ਦਾ ਪ੍ਰਾਥਮਿਕਤਾ ਦੇ ਅਧਾਰ @ਤੇ ਨਿਪਟਾਰਾ ਯਕੀਨੀ ਕੀਤਾ ਜਾਵੇ ਅਤੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਸਿਹਤ ਮੰਤਰੀ ਨੇ ਇਹ ਵੀ ਭਰੋਸਾ ਦਿੱਤਾ ਕਿ ਸਰਕਾਰ ਪਾਰਦਰਸ਼ੀ ਅਤੇ ਜਵਾਬਦੇਈ ਪ੍ਰਸ਼ਾਸਨ ਰਾਹੀਂ ਜਨਤਾ ਲਈ ਲਗਾਤਾਰ ਕੰਮ ਕਰ ਰਹੀ ਹੈ।

# 27 ਮਾਰਚ ਨੂੰ ਗੁਰਦਾਸਪੁਰ ਵਿੱਚ ਲੱਗੇਗਾ ਕਿਸਾਨ ਮੇਲਾ



**ਗੁਰਦਾਸਪੁਰ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀ ਵਿਭਿੰਨਤਾ ਅਪਣਾਉ, ਵਡਮੁੱਲਾ ਵਾਤਾਵਰਣ ਬਚਾਉ ਦੇ ਉਦੇਸ਼ ਨਾਲ ਕਿਸਾਨ ਮੇਲਾ ਖੇਤੀਬਾੜੀ ਯੂਨੀਵਰਸਿਟੀ ਦੇ ਰਿਜਨਲ ਸਟੇਸ਼ਨ ਗੁਰਦਾਸਪੁਰ ਵਿਖੇ 27 ਮਾਰਚ ਨੂੰ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਰਿਜਨਲ ਸਟੇਸ਼ਨ ਦੇ ਡਾਇੈਕਟਰ ਡਾ. ਹਰਪਾਲ ਸਿੰਘ ਰੰਧਾਵਾ ਨੇ ਦੱਸਿਆਂ ਹੈ ਕਿ ਮੇਲੇ ਵਿੱਚ ਸਾਉਣੀ ਦੀਆਂ ਫ਼ਸਲਾਂ/ਸਬਜੀਆਂ ਦੇ ਸੁਧਰੇ ਬੀਜ ਅਤੇ ਸਦਾਬਹਾਰ ਫ਼ਲਦਾਰ ਬੂਟੇ ਉਪਲਬਧ ਕਰਵਾਏ ਜਾਣਗੇ।ਖੇਤੀ ਵਿਸ਼ਾ ਮਾਹਿਰਾਂ ਵੱਲੋ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਜਾਏਗੀ ਅਤੇ ਕਿਸ਼ਾਨਾਂ ਦੀਆਂ ਖੇਤੀ ਮੁਸਕਿਲਾਂ ਬਾਰੇ ਸੁਆਲ-ਜੁਆਬ ਵੀ ਹੋਣਗੇ।ਇਸ ਤੋ ਇਲਾਵਾ ਪੀ ਏ ਯੂ, ਸਰਕਾਰੀ ਵਿਭਾਗਾਂ ਅਤੇ ਪ੍ਰਾਈਵੇਟ ਕੰਪਨੀਆਂ ਵੱਲੋ ਖੇਤੀ ਅਧਾਰਿਤ ਸਟਾਲ/ਪ੍ਰਦਰਸ਼ਨੀਆਂ ਵੀ ਲਗਾਏ ਜਾਣਗੇ, ਮੇਲੇ ਵਿੱਚ ਹਾੜੀ ਦੀਆਂ ਫ਼ਸਲਾਂ ਦੀਆਂ ਕਿਸਮਾਂ ਅਤੇ ਹੋਰ ਖੇਤੀ ਤਕਨੀਕਾਂ ਦੀਆਂ ਲਾਈਵ ਪ੍ਰਦਰਸ਼ਨੀਆਂ ਵੀ ਦਿਖਾਈਆਂ ਜਾਣਗੀਆਂ, ਜਿਸ ਵਿੱਚ ਕਿਸਾਨ ਵੀਰਾਂ ਅਤੇ ਬੀਬੀਆਂ ਲਈ ਬਹੁਤ ਕੀਮਤੀ ਜਾਣਕਾਰੀ ਹੋਏਗੀ।

ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਸਰਕਾਰ ਦੇ ਮੰਤਰੀ ਸਾਹਿਬਾਨ ਅਤੇ ਡਾਕਟਰ ਸਤਬੀਰ ਸਿੰਘ ਗੋਸ਼ਲ ਕੁਲਪਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਸ਼ੇਸ ਤੌਰ ਤੇ ਪਹੁੰਚ ਰਹੇ ਹਨ। ਯੂਨੀਵਰਸਿਟੀ ਨਾਲ ਜੁੜੇ ਸੈਲਫ ਹੈਲਪ ਗਰੁੱਪ ਵੀ ਆਪਣੇ ਸਟਾਲ/ ਪ੍ਰਦਰਸ਼ਨੀਆਂ ਵੀ ਲਗਾਕੇ ਫ਼ਸਲਾਂ ਦੀ ਉਪਜ ਨੂੰ ਸਹੀ ਢੰਗ ਨਾਲ ਵੇਚਣ ਲਈ ਕਿਸਾਨਾਂ ਨੂੰ ਜਾਗਰੂਕ ਕਰਨਗੇ।ਉਨ੍ਹਾਂ ਇਲਾਕੇ ਦੇ ਸਮੂਹ ਵੀਰਾਂ/ਭੈਣਾਂ/ ਬਜ਼ੁਰਗਾਂ ਨੂੰ 27 ਮਾਰਚ ਦਿਨ ਸ਼ੁੱਕਰਵਾਰ ਨੂੰ ਕਿਸਾਨ ਮੇਲੇ ਵਿੱਚ ਹੁੰਮ-ਹੁਮਾ ਕਿ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

# ਚੰਡੀਗੜ੍ਹ 99.93% ਸਾਖਰਤਾ ਦਰ ਨਾਲ ਪੂਰੀ ਤਰ੍ਹਾਂ ਸਾਖਰ ਬਣਿਆ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਨੇ 99.93% ਸਾਖਰਤਾ ਦਰ ਪ੍ਰਾਪਤ ਕਰਕੇ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ ਅਤੇ ਇਸ ਦੇ ਨਾਲ ਹੀ ਇਹ ਇੱਕ ਪੂਰੀ ਤਰ੍ਹਾਂ ਸਾਖਰ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਗਿਆ ਹੈ। ਇਸ ਉਪਲਬਧੀ ਦਾ ਉਤਸਵ ਮਨਾਉਣ ਲਈ ਚੰਡੀਗੜ੍ਹ ਪ੍ਰਸ਼ਾਸਨ ਦੇ ਸਿੱਖਿਆ ਵਿਭਾਗ ਨੇ ਉੱਲਾਸ-ਨਵ-ਸਾਕਸ਼ਰੋਂ ਕਾ ਅਲੰਕਰਣ ਸਮਾਰੋਹ (ਨਵ-ਸਾਖਰਾਂ ਦਾ ਸਨਮਾਨ ਸਮਾਰੋਹ) ਦੇ ਤਹਿਤ ÷ਨਵ-ਸਾਖਰਾਂ ਦਾ ਸਨਮਾਨ ਸਮਾਰੋਹ÷ ਦਾ ਆਯੋਜਨ ਕੀਤਾ, ਜਿੱਥੇ ਨਵੇਂ ਸਾਖਰ ਨਾਗਰਿਕਾਂ ਨੂੰ ਉਨ੍ਹਾਂ ਦੀ ਉਪਲਬਧੀ ਲਈ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਸ਼੍ਰੀ ਐਚ. ਰਾਜੇਸ਼ ਪ੍ਰਸਾਦ ਨੇ ਵਿਸ਼ਿਸ਼ਟ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਰੋਹ ਵਿੱਚ ਨਵ-ਸਾਖਰਾਂ ਦੇ ਯਤਨਾਂ ਨੂੰ ਸਰਾਹਿਆ ਗਿਆ ਅਤੇ ਸਸ਼ਕਤ ਸਮਾਜ ਦੇ ਨਿਰਮਾਣ ਵਿੱਚ ਸਿੱਖਿਆ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ ਗਿਆ।

ਇਸ ਅਵਸਰ @ਤੇ ਆਪਣੇ ਸੰਬੋਧਨ ਵਿੱਚ ਰਾਜਪਾਲ ਨੇ ਇਸ ਪ੍ਰਾਪਤੀ ਨੂੰ ਚੰਡੀਗੜ੍ਹ ਲਈ ਇੱਕ ਇਤਿਹਾਸਿਕ ਪਲ ਦੱਸਿਆ। ਉਨ੍ਹਾਂ ਕਿਹਾ ਕਿ ਉੱਲਾਸ (ਯੂਐੱਲਐੱਲਏਐੱਸ/ULLAS) ਦੇ ਤਹਿਤ ਪ੍ਰਾਪਤ ਇਹ ਸਫ਼ਲਤਾ ਸ਼ਹਿਰ ਨੂੰ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ/NEP) 2020 ਦੇ ਤਹਿਤ ਨਿਰਧਾਰਿਤ 95% ਸਾਖਰਤਾ ਮਾਪਦੰਡ ਤੋਂ ਵੀ ਅੱਗੇ ਲੈ ਗਈ ਹੈ। ਇਸ ਉਪਲਬਧੀ ਦੇ ਨਾਲ, ਚੰਡੀਗੜ੍ਹ ਦੇਸ਼ ਦਾ ਛੇਵਾਂ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਦੂਜਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਗਿਆ ਹੈ ਜਿਸ ਨੇ ਪੂਰਨ ਸਾਖਰਤਾ ਦਾ ਦਰਜਾ ਪ੍ਰਾਪਤ ਕੀਤਾ ਹੈ।

ਸ਼੍ਰੀ ਕਟਾਰੀਆ ਨੇ ਦੱਸਿਆ ਕਿ ਚੰਡੀਗੜ੍ਹ ਦੀ ਸਾਖਰਤਾ ਦਰ 93.7% ਤੋਂ ਵਧ ਕੇ 99.93% ਹੋ ਗਈ ਹੈ। ਇਸ ਪ੍ਰੋਗਰਾਮ ਵਿੱਚ 15,556 ਨਾਗਰਿਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 14,711 ਨੇ ਸਾਖਰਤਾ ਮੁੱਲਾਂਕਣ ਨੂੰ ਸਫ਼ਲਤਾਪੂਰਵਕ ਪਾਸ ਕੀਤਾ। ਉਨ੍ਹਾਂ ਨੇ ਮਹਿਲਾਵਾਂ ਦੀ ਸਾਖਰਤਾ ਦਰ ਵਿੱਚ 90.7% ਤੋਂ 99.89% ਤੱਕ ਦੇ ਹੋਏ ਸ਼ਾਨਦਾਰ ਵਾਧੇ ਨੂੰ ਮਹਿਲਾਵਾਂ ਦੇ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਦੱਸਿਆ।

ਰਾਜਪਾਲ ਨੇ ਇਸ ਉਪਲਬਧੀ ਦਾ ਕ੍ਰੈਡਿਟ ਚੰਡੀਗੜ੍ਹ ਪ੍ਰਸ਼ਾਸਨ, ਸਿੱਖਿਆ ਵਿਭਾਗ, ਅਧਿਆਪਕਾਂ, ਵਲੰਟੀਅਰਾਂ, ਗ਼ੈਰ-ਸਰਕਾਰੀ ਸੰਗਠਨਾਂ ਅਤੇ ਸਮਾਜਿਕ ਸੰਸਥਾਵਾਂ ਦੇ ਸਮੂਹਿਕ ਯਤਨਾਂ ਨੂੰ ਦਿੱਤਾ, ਜਿਨ੍ਹਾਂ ਨੇ ਗ਼ੈਰ-ਸਾਖਰ ਨਾਗਰਿਕਾਂ ਤੱਕ ਪਹੁੰਚਣ ਲਈ ਨਿਰੰਤਰ ਕਾਰਜ ਕੀਤਾ। ਉਨ੍ਹਾਂ ਨੇ ਉਨ੍ਹਾਂ ਨਵ-ਸਾਖਰਾਂ ਨੂੰ ਵੀ ਵਧਾਈ ਦਿੱਤੀ ਜਿਨ੍ਹਾਂ ਨੇ ਇਸ ਪ੍ਰੋਗਰਾਮ ਦੇ ਜ਼ਰੀਏ ਅਕਾਦਮਿਕ ਗਿਆਨ ਦੇ ਨਾਲ ਡਿਜੀਟਲ ਸਾਖਰਤਾ ਵੀ ਪ੍ਰਾਪਤ ਕੀਤੀ।

# ਭਗਵੰਤ ਮਾਨ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਨੇ ਮੰਡੋਲੀ ਦੇ ਮਕੈਨਿਕ ਨੂੰ 90,000 ਰੁਪਏ ਦੇ ਡਾਕਟਰੀ ਕਰਜ਼ੇ ਤੋਂ ਬਚਾਇਆ

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਆਮ ਘਰਾਂ ਦੇ ਪਰਿਵਾਰਾਂ ਦੇ ਇਲਾਜ ਲਈ ਵਰਦਾਨ ਸਾਬਤ ਹੋ ਰਹੀ ਹੈ, ਕਿਉਂਕਿ ਦਿਹਾੜੀਦਾਰ ਮਜ਼ਦੂਰੀ ’ਤੇ ਨਿਰਭਰ ਪਰਿਵਾਰਾਂ ਲਈ, ਹਸਪਤਾਲ ਵਿੱਚ ਥੋੜ੍ਹੇ ਸਮੇਂ ਲਈ ਰਹਿਣਾ ਵੀ ਮਹੀਨਿਆਂ ਦੀ ਕਮਾਈ ਨੂੰ ਖਤਮ ਕਰ ਸਕਦਾ ਹੈ।

ਇਸ ਯੋਜਨਾ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਮੰਡੋਲੀ ਦੇ ਇੱਕ ਮਕੈਨਿਕ ਗੁਰਤੇਜ ਸਿੰਘ ਨੂੰ 90 ਹਜ਼ਾਰ ਰੁਪਏ ਦੇ ਡਾਕਟਰੀ ਇਲਾਜ ਕਰਜੇ ਤੋਂ ਬਚਾਇਆ ਹੈ। ਉਸ ਨੇ ਪੰਜਾਬ ਸਰਕਾਰ ਵੱਲੋਂ ਇਹ ਸਕੀਮ ਸ਼ੁਰੂ ਕਰਨ ਲਈ ਧੰਨਵਾਦ ਕਰਦਿਆਂ ਕਿਹਾ ਹੈਕਿ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਮਤਲਬ ਨਾ ਸਿਰਫ਼ ਆਮਦਨੀ ਗੁਆਉਣਾ ਸੀ ਬਲਕਿ ਡਾਕਟਰੀ ਕਰਜ਼ੇ ਦੇ ਵਧਣ ਦਾ ਖ਼ਤਰਾ ਵੀ ਉਸਦੇ ਸਿਰ ਉਪਰ ਮੰਡਰਾ ਰਿਹਾ ਸੀ।

ਉਸ ਨੇ ਦੱਸਿਆ ਕਿ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਹੋਣ ਦੇ ਕੁਝ ਦਿਨਾਂ ਦੇ ਅੰਦਰ, ਉਸਦੇ ਪਰਿਵਾਰ ਨੇ ਬੈੱਡ ਦੇ ਖਰਚਿਆਂ ਅਤੇ ਦਵਾਈਆਂ ’ਤੇ ਲਗਭਗ 10,000 ਰੁਪਏ ਖਰਚ ਕੀਤੇ ਸਨ। ਇਲਾਜ ਕਰ ਰਹੇ ਡਾਕਟਰਾਂ ਨੇ ਦੱ ?ਸਿਆ ਸੀ ਕਿ ਉਸਦੇ ਇਲਾਜ ਉਪਰ ਕੁੱਲ ਖਰਚਾ 80,000-90,000 ਰੁਪਏ ਤੱਕ ਤੱਕ ਆਵੇਗਾ। ਗੁਰਤੇਜ ਸਿੰਘ ਨੇ ਕਿਹਾ ਕਿ ਉਸ ਨੂੰ ਉਸ ਵੇਲੇ ਰਾਹਤ ਦਾ ਸਾਹ ਆਇਆ ਜਦੋਂ ਉਸਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀ ਇਸ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਪਤਾ ਲੱਗਿਆ।

ਗੁਰਤੇਜ ਸਿੰਘ ਨੇ ਦੱਸਿਆ ਕਿ ਉਸ ਨੇ ਤੁਰੰਤ ਆਪਣਾ ਕਾਰਡ ਬਣਵਾਇਆ ਅਤੇ ਉਸ ਨੂੰ ਹਸਪਤਾਲ ਵਿਖੇ ਇੱਕ ਵਾਰ ਦਾਖਲ ਹੋਣ ਤੋਂ ਬਾਅਦ, ਉਸਨੂੰ ਬਿਨਾਂ ਕਿਸੇ ਵਾਧੂ ਭੁਗਤਾਨ ਦੇ ਛੇ ਦਿਨਾਂ ਦਾ ਪੂਰਾ ਇਲਾਜ ਮਿਲਿਆ, ਜਿਸਦੇ ਖਰਚੇ ਇਸ ਸਕੀਮ ਦੇ ਅਧੀਨ ਕਵਰ ਕੀਤੇ ਗਏ।

ਇਸੇ ਦੌਰਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦਾ ਕਹਿਣਾ ਸੀ ਕਿ ਸਾਡਾ ਧਿਆਨ ਇਹ ਯਕੀਨੀ ਬਣਾਉਣਾ ਵੱਲ ਹੈ ਕਿ ਘੱਟ ਤੇ ਅਨਿਯਮਤ ਆਮਦਨ ਵਾਲੇ ਪਰਿਵਾਰ ਵੀ ਬਿਨਾਂ ਕਿਸੇ ਡਰ ਦੇ ਬਿਹਤਰ ਇਲਾਜ ਸਹੂਲਤ ਲੈ ਸਕਣ, ਕਿਉਂਕਿ ਬਿਮਾਰ ਹੋ ਕੇ ਕਰਜੇ ਤੋਂ ਬਚਣਾ ਵੀ ਬਿਮਾਰੀ ਤੋਂ ਬਚਣ ਜਿੰਨਾਂ ਹੀ ਮਹੱਤਵਪੂਰਨ ਹੈ।

ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਲਗਭਗ 65 ਲੱਖ ਪਰਿਵਾਰਾਂ ਵਿੱਚ ਲਗਭਗ 3 ਕਰੋੜ ਸੂਬਾ ਨਿਵਾਸੀਆਂ ਦੀ ਅਨੁਮਾਨਤ ਕਵਰੇਜ ਅਤੇ 800 ਤੋਂ ਵੱਧ ਹਸਪਤਾਲਾਂ ਵਿੱਚ 2,300 ਤੋਂ ਵੱਧ ਇਲਾਜ ਪੈਕੇਜਾਂ ਤੱਕ ਪਹੁੰਚ ਦੇ ਨਾਲ, ਮੁੱਖ ਮੰਤਰੀ ਸਿਹਤ ਯੋਜਨਾ ਦਾ ਉਦੇਸ਼ ਕੰਮਕਾਜੀ ਪਰਿਵਾਰਾਂ ਨੂੰ ਡਾਕਟਰੀ ਐਮਰਜੈਂਸੀ ਦੌਰਾਨ ਕਰਜ਼ੇ ਵਿੱਚ ਫਸਣ ਤੋਂ ਬਚਾਉਣਾ ਹੈ।

ਇਲਾਜ ਉਪਰੰਤ ਗੁਰਤੇਜ ਸਿੰਘ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਅਸੀਂ ਪੈਸੇ ਦਾ ਪ੍ਰਬੰਧ ਕਿਵੇਂ ਕਰਾਂਗੇ ਅਤੇ ਜੇਕਰ ਉਨ੍ਹਾਂ ਦਾ ਇਹ ਕਾਰਡ ਨਾ ਬਣਦਾ ਤਾਂ, ਉਨ੍ਹਾਂ ਨੂੰ ਕਰਜਾ ਚੁੱਕਣਾ ਪੈਣਾ ਸੀ, ਜਿਸ ਨੂੰ ਉਤਾਰਨ ਲਈ ਵੀ ਉਨ੍ਹਾਂ ਨੂੰ ਮਹੀਨਿਆਂ ਤੱਕ ਮੁਸ਼ੱਕਤ ਕਰਨੀ ਪੈਣੀ ਸੀ।

# ਕਾਨਿਆਂਵਾਲੀ ਮਾਈਨਰ ਦੀ ਸਮਰੱਥਾ ਅਤੇ ਪਾਣੀ ਦਾ ਨਿਰੰਤਰ ਵਹਾਅ ਯਕੀਨੀ ਬਣਾਇਆ ਜਾਵੇਗਾ: ਬਰਿੰਦਰ ਕੁਮਾਰ ਗੋਇਲ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਵਿਧਾਨ ਸਭਾ ਵਿੱਚ ਭਰੋਸਾ ਦਿੱਤਾ ਕਿ ਗੰਗ ਕੈਨਾਲ ਵਿੱਚੋਂ ਨਿਕਲਦੇ ਕਾਨਿਆਂਵਾਲੀ ਮਾਈਨਰ ਦੀ ਕਪੈਸਿਟੀ ਅਤੇ ਇਸ ਦੇ ਪਾਣੀ ਦਾ ਸੁਚੱਜਾ ਵਹਾਅ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਨਿਰੰਤਰ ਮਿਲਦਾ ਰਹੇ।

ਕੈਬਨਿਟ ਮੰਤਰੀ ਨੇ ਪ੍ਰਸ਼ਨ ਕਾਲ ਦੌਰਾਨ ਫ਼ਰੀਦਕੋਟ ਤੋਂ ਵਿਧਾਇਕ ਸ੍ਰੀ ਗੁਰਦਿੱਤ ਸਿੰਘ ਵੱਲੋਂ ਕਾਨਿਆਂਵਾਲੀ ਮਾਈਨਰ ਨੂੰ ਪੱਕਾ ਕਰਨ ਅਤੇ ਇਸ ਦੀ ਚੌੜਾਈ/ਸਮਰੱਥਾ ਵਧਾਉਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਮਾਈਨਰ ਦੀ ਡਿਜ਼ਾਈਨ ਡਿਸਚਾਰਜ ਸਮਰੱਥਾ 24.95 ਕਿਊਸਿਕ ਹੈ ਅਤੇ ਲੰਬਾਈ 28,000 ਫੁੱਟ ਹੈ। ਉਨ੍ਹਾਂ ਦੱਸਿਆ ਕਿ ਇਹ ਮਾਈਨਰ ਸਾਲ 1995 ਵਿੱਚ ਬਰਿਕ ਲਾਈਨਡ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਟੇਲ ਗੇਜ ਦੇ ਅੰਕੜੇ ਦਰਸਾਉਂਦੇ ਹਨ ਕਿ ਇਹ ਨਹਿਰ ਆਪਣੀ ਡਿਜ਼ਾਈਨ ਸਮਰੱਥਾ ਤੋਂ 114% ਪਾਣੀ ਲੈ ਰਹੀ ਹੈ। ਇਸ ਲਈ ਇਹ ਨਹਿਰ ਆਪਣੀ ਡਿਜ਼ਾਈਨ ਕੀਤੀ ਸਮਰੱਥਾ ਤੋਂ ਵੱਧ ਪਾਣੀ ਲਿਜਾਣ ਲਈ ਪੂਰੀ ਤਰ੍ਹਾਂ ਸਮਰੱਥ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਕਿਉਂਕਿ ਨਹਿਰ ਦੀ ਡਿਸਚਾਰਜ ਸਮਰੱਥਾ ਕਾਫ਼ੀ ਹੈ, ਇਸ ਲਈ ਕੰਕਰੀਟ ਲਾਈਨਿੰਗ ਜਾਂ ਸਮਰੱਥਾ ਵਧਾਉਣ ਦੀ ਤੁਰੰਤ ਲੋੜ ਨਹੀਂ ਹੈ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਹਾਲਾਂਕਿ ਪਿਛਲੇ ਸਮੇਂ ਦੌਰਾਨ ਇਸ ਮਾਈਨਰ ਦਾ ਪੈਰਵਰਕ ਕੀਤਾ ਗਿਆ ਸੀ ਪਰ ਫਿਰ ਵੀ ਮਾਈਨਰ ਦੀ ਕਪੈਸਿਟੀ ਅਤੇ ਇਸ ਦੇ ਸਹੀ ਢੰਗ ਨਾਲ ਚੱਲਣ ਲਈ ਜੋ ਵੀ ਕੰਮ ਲੋੜੀਂਦਾ ਹੋਵੇਗਾ, ਉਹ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਦੀ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# 5.5 ਕਰੋੜ ਰੁਪਏ ਦੀ ਲਾਗਤ ਨਾਲ ਬਠਿੰਡਾ ਦੀਆਂ ਸੜਕਾਂ ਦਾ ਹੋ ਰਿਹਾ ਕਾਇਆਕਲਪ: ਮੇਅਰ



**ਬਠਿੰਡਾ,14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਨੇ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਸੜਕਾਂ ਦੀ ਹਾਲਤ ਸੁਧਾਰਨ ਲਈ ਵੱਡੇ ਪੱਧਰ ’ਤੇ ਕੰਮ ਸ਼ੁਰੂ ਕੀਤਾ ਹੈ। ਇਸ ਲੜੀ ਤਹਿਤ ਬਠਿੰਡਾ ਦੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ੍ਰੀ ਉਮੇਸ਼ ਗਰਗ ’ਗੋਗੀ’ ਦੇ ਵਾਰਡ ਨੰਬਰ 32 ਵਿੱਚ ਸਥਿਤ ਕਿਸ਼ੋਰੀ ਰਾਮ ਹਸਪਤਾਲ ਰੋਡ ’ਤੇ ਪ੍ਰੀਮਿਕਸ ਦੇ ਕੰਮ ਦਾ ਰਸਮੀ ਉਦਘਾਟਨ ਕੀਤਾ।

ਇਸ ਦੌਰਾਨ ਕੌਂਸਲਰ ਸ੍ਰੀ ਉਮੇਸ਼ ਗਰਗ ’ਗੋਗੀ’, ਸ੍ਰੀ ਵਿਮਲ ਮਿੱਤਲ, ਐਸਡੀਓ ਸ੍ਰੀ ਲਵਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ। ਸਥਾਨਕ ਲੋਕਾਂ ਨੇ ਸੜਕ ਦੇ ਨਵੀਨੀਕਰਨ ਦੇ ਕੰਮ ਦਾ ਸਵਾਗਤ ਕਰਦਿਆਂ ਮੇਅਰ ਅਤੇ ਨਗਰ ਨਿਗਮ ਦਾ ਧੰਨਵਾਦ ਕੀਤਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਇਸ ਮੌਕੇ ਕਿਹਾ ਕਿ ਨਗਰ ਨਿਗਮ ਬਠਿੰਡਾ ਨੂੰ ਇੱਕ ਮਾਡਲ ਅਤੇ ਆਧੁਨਿਕ ਸ਼ਹਿਰ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਆਪ ਸਰਕਾਰ, ਸ਼ਹਿਰ ਦੇ ਵਿਕਾਸ ਲਈ ਲਗਾਤਾਰ ਫੰਡ ਮੁਹੱਈਆ ਕਰਵਾ ਰਹੀ ਹੈ, ਜਿਸ ਨਾਲ ਵਸਨੀਕਾਂ ਲਈ ਬੁਨਿਆਦੀ ਢਾਂਚੇ ਵਿੱਚ ਸੁਧਾਰ ਯਕੀਨੀ ਬਣਾਇਆ ਜਾ ਰਿਹਾ ਹੈ।

ਮੇਅਰ ਸ੍ਰੀ ਮਹਿਤਾ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਬਠਿੰਡਾ ਸ਼ਹਿਰ ਦੀਆਂ ਸੜਕਾਂ ਦਾ ਲਗਭਗ 5.5 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਜਾ ਰਿਹਾ ਹੈ। ਇਸ ਪਹਿਲਕਦਮੀ ਨਾਲ ਪੁਰਾਣੀਆਂ ਅਤੇ ਟੁੱਟੀਆਂ ਸੜਕਾਂ ਦਾ ਪ੍ਰੀਮਿਕਸ ਨਾਲ ਨਵੀਨੀਕਰਨ ਕੀਤਾ ਜਾਵੇਗਾ, ਜਿਸ ਨਾਲ ਆਵਾਜਾਈ ਵਿੱਚ ਸੁਧਾਰ ਹੋਵੇਗਾ ਅਤੇ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ।

ਉਨ੍ਹਾਂ ਕਿਹਾ ਕਿ ਨਗਰ ਨਿਗਮ ਦਾ ਟੀਚਾ ਸ਼ਹਿਰ ਦੀਆਂ ਸਾਰੀਆਂ ਪ੍ਰਮੁੱਖ ਅਤੇ ਅੰਦਰੂਨੀ ਸੜਕਾਂ ਦੀ ਮੁਰੰਮਤ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਾ ਹੈ, ਤਾਂ ਜੋ ਸਾਫ਼ ਅਤੇ ਚਮਕਦਾਰ ਸੜਕਾਂ ਯਕੀਨੀ ਬਣਾਈਆਂ ਜਾ ਸਕਣ। ਕੌਂਸਲਰ ਸ੍ਰੀ ਉਮੇਸ਼ ਗਰਗ ਗੋਗੀ ਨੇ ਵੀ ਮੇਅਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕੰਮ ਵਾਰਡ ਦੇ ਵਸਨੀਕਾਂ ਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਤੋਂ ਰਾਹਤ ਪ੍ਰਦਾਨ ਕਰੇਗਾ ਅਤੇ ਖੇਤਰ ਦੇ ਵਿਕਾਸ ਨੂੰ ਗਤੀ ਪ੍ਰਦਾਨ ਕਰੇਗਾ।

# ਪਟਿਆਲਾ ਸਮੇਤ ਸੂਬੇ ਭਰ ਦੇ ਡੀ.ਸੀ. ਦਫਤਰਾਂ ਵਿੱਚ ਕੰਮ ਬੰਦ, ਸਰਕਾਰ ਖਿਲਾ.ਫ ਨਾਰੇਬਾਜ਼ੀ

**➢ ਮੁਲਾਜ਼ਮ ਪ੍ਰਧਾਨ ਨੂੰ ਅੱਧੀ ਰਾਤੀਂ ਗ੍ਰਿਫਤਾਰੀ ਦੇ ਰੋਸ ’ਚ ਮੁਲਾਜ਼ਮਾਂ ਦੀ ਕਲਮਛੋੜ ਹੜਤਾਲ ਹੋਰ ਤੇਜ਼ ➢ ਪਟਿਆਲਾ ਸਮੇਤ ਸੂਬੇ ਭਰ ਦੇ ਡੀ.ਸੀ. ਦਫਤਰਾਂ ਵਿੱਚ ਕੰਮ ਬੰਦ, ਸਰਕਾਰ ਖਿਲਾ.ਫ ਨਾਰੇਬਾਜ਼ੀ**

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਮਿਨਿਸਟੀਰੀਅਲ ਸਰਵਿਸਿਜ਼ ਯੂਨੀਅਨ ਅਤੇ ਡੀ.ਸੀ. ਦਫਤਰ ਕਰਮਚਾਰੀ ਯੂਨੀਅਨਾਂ ਦੇ ਸੱਦੇ ’ਤੇ ਅੱਜ ਸੂਬੇ ਭਰ ਦੇ ਡੀ.ਸੀ. ਦਫਤਰਾਂ ਵਿੱਚ ਮੁਲਾਜ਼ਮਾਂ ਨੇ ਮੁਕੰਮਲ ਕਲਮਛੋੜ ਹੜਤਾਲ ਕਰਦੇ ਹੋਏ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਗਟਾਇਆ। ਇਹ ਰੋਸ ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਮੁੱਖ ਸਲਾਹਕਾਰ ਸ੍ਰੀ ਤਜਿੰਦਰ ਸਿੰਘ ਨੰਗਲ ਨੂੰ ਅੱਧੀ ਰਾਤ ਘਰ ਤੋਂ ਗ੍ਰਿਫਤਾਰ ਕਰਕੇ ਹਵਾਲਾਤ ਵਿੱਚ ਬੰਦ ਕਰਨ ਦੇ ਵਿਰੋਧ ਵਿੱਚ ਕੀਤਾ ਗਿਆ।

ਮੁਲਾਜ਼ਮ ਆਗੂਆਂ ਨੇ ਦੱਸਿਆ ਕਿ 8 ਮਾਰਚ ਨੂੰ ਮੋਹਾਲੀ ਵਿਖੇ ਮੁਲਾਜ਼ਮਾਂ ਉੱਤੇ ਹੋਏ ਪੁਲਿਸ ਤਸ਼ੱਦਦ ਦੇ ਮਾਮਲੇ ਵਿੱਚ ਇਨਸਾਫ ਦੀ ਮੰਗ ਕਰਨ ਲਈ ਯੂਨੀਅਨ ਆਗੂ ਕੱਲ੍ਹ ਜਲੰਧਰ ਵਿੱਚ ਮੁੱਖ ਮੰਤਰੀ ਨਾਲ ਮੁਲਾਕਾਤ ਕਰਨਾ ਚਾਹੁੰਦੇ ਸਨ। ਇਸ ਦੌਰਾਨ ਜਲੰਧਰ ਪੁਲਿਸ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਆਸਵਾਸਨ ਵੀ ਦਿੱਤਾ ਗਿਆ ਸੀ, ਪਰ ਇਸਦੇ ਉਲਟ ਰਾਤ ਕਰੀਬ 12 ਵਜੇ ਸ੍ਰੀ ਤਜਿੰਦਰ ਸਿੰਘ ਨੰਗਲ ਨੂੰ ਉਨ੍ਹਾਂ ਦੇ ਘਰ ਤੋਂ ਗ੍ਰਿਫਤਾਰ ਕਰਕੇ ਜੰਡਿਆਲਾ ਥਾਣੇ ਦੀ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ।



# ਇਲੈਕਟ੍ਰੋਹੋਮਿਓਪੈਥੀ ਡਾਕਟਰਜ਼ ਐਸੋਸੀਏਸ਼ਨ ਪੰਜਾਬ ਦੇ ਇੱਕ ਉੱਚ ਪੱਧਰੀ ਵ.ਫਦ ਵੱਲੋਂ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਦੌਰਾ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲੈਕਟ੍ਰੋਹੋਮਿਓਪੈਥੀ ਡਾਕਟਰਜ਼ ਐਸੋਸੀਏਸ਼ਨ ਪੰਜਾਬ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਸੂਬਾ ਪ੍ਰਧਾਨ ਡਾ. ਪ੍ਰੀਤਮ ਸਿੰਘ ਛੌਕਰ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਦੌਰਾ ਕੀਤਾ।

ਇਸ ਐਸੋਸੀਏਸ਼ਨ ਦੇ ਚੇਅਰਮੈਨ ਡਾ. ਮਨਜੀਤ ਸਿੰਘ ਢਿੱਲੋਂ ਅਤੇ ਸਰਪ੍ਰਸਤ ਡਾ. ਤਰਸੇਮ ਸਿੰਘ ਦੇ ਵਿਸ਼ੇਸ਼ ਯਤਨਾਂ ਸਦਕਾ ਵਫ਼ਦ ਨੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨਾਲ ਮੀਟਿੰਗ ਕੀਤੀ।

ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਸਕੱਤਰ ਡਾ. ਗਗਨ ਅਰੋੜਾ ਨੇ ਇਲੈਕਟ੍ਰੋਹੋਮਿਓਪੈਥੀ ਦੇ ਸਬੰਧ ਵਿੱਚ ’ਸਪੈਗਾਇਰਿਕ’ ਦਵਾਈਆਂ ਲਈ ਨਿਰਮਾਣ ਲਾਇਸੈਂਸ ਨੂੰ ਨਿਯਮਤ ਅਤੇ ਜਾਰੀ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪੈਥੀ ਨੂੰ ਕਾਨੂੰਨੀ ਮਾਨਤਾ ਦੇਣ ਨਾਲ ਸੂਬੇ ਦੇ ਸਿਹਤ ਖੇਤਰ ਵਿੱਚ ਵੱਡਾ ਸੁਧਾਰ ਹੋਵੇਗਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵਫ਼ਦ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਭਰੋਸਾ ਦਿੱਤਾ ਕਿ ਸਰਕਾਰ ਇਨ੍ਹਾਂ ਮੰਗਾਂ ’ਤੇ ਸਕਾਰਾਤਮਕ ਵਿਚਾਰ ਕਰੇਗੀ। ਉਨ੍ਹਾਂ ਐਸੋਸੀਏਸ਼ਨ ਨੂੰ ਰਾਜਸਥਾਨ ਅਤੇ ਹੋਰ ਰਾਜਾਂ ਵਿੱਚ ਇਲੈਕਟ੍ਰੋਹੋਮਿਓਪੈਥੀ ਦੀ ਮਾਨਤਾ ਨਾਲ ਸਬੰਧਤ ਜ਼ਰੂਰੀ ਡੇਟਾ ਅਤੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਕਿਹਾ ਤਾਂ ਜੋ ਇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਮੀਟਿੰਗ ਦੌਰਾਨ ਵਿਧਾਇਕ ਸੁਖਵਿੰਦਰ ਸਿੰਘ ਸੁੱਖੀ, ਵਿਧਾਇਕ ਸ਼ੈਰੀ ਕਲਸੀ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਵੀ ਹਾਜ਼ਰ ਸਨ। ਮੀਟਿੰਗ ਤੋਂ ਬਾਅਦ ਸਮੂਹ ਡਾਕਟਰਾਂ ਨੇ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਨੂੰ ਦੇਖਿਆ।

ਇਸ ਮੀਟਿੰਗ ਦੌਰਾਨ ਡਾ. ਜਸਵਿੰਦਰ ਸਿੰਘ ਅਜੀਤਵਾਲ, ਫਿਰੋਜ਼ਪੁਰ ਦੇ ਡਾ: ਗੁਰਦੇਵ ਸਿੰਘ, ਨਕੋਦਰ ਦੇ ਡਾ: ਅਵਤਾਰ ਸਿੰਘ, ਅਬੋਹਰ ਦੇ ਡਾ: ਰਣਜੀਤ ਸਿੰਘ, ਅੰਮ੍ਰਿਤਸਰ ਦੇ ਡਾ: ਇੰਦਰਜੀਤ ਕੌਰ, ਕੋਟਕਪੂਰਾ ਦੇ ਡਾ: ਤੇਜਵੰਤ ਕੌਰ, ਡਾ: ਇੰਦਰਜੀਤ ਸਿੰਘ ਨਥਾਣਾ, ਡਾ: ਜਗਸੀਰ ਖਾਰਾ (ਏ ਐਂਡ ਡੀ ਫਾਰਮਾ), ਗੁਰਮੇਲ ਸਿੰਘ ਚਾਹਲ, ਡਾ. ਰੇਸ਼ਮ ਸਿੰਘ, ਡਾ: ਮਨਦੀਪ ਸਿੰਘ ਧੂੜੀਆ, ਡਾ: ਕੀਰਤਨ ਸਿੰਘ, ਡਾ: ਦਲਜੀਤ ਸਿੰਘ ਮੋਗਾ, ਡਾ: ਰਣਜੀਤ ਸਿੰਘ ਬਿਲਾਸਪੁਰ, ਡਾ: ਲਖਵਿੰਦਰ ਸ਼ਰਮਾ ਬਰਗਾੜੀ, ਡਾ: ਗੁਰਬਚਨ ਸਿੰਘ ਥਰਾਜ, ਡਾ: ਗੁਰਮੇਲ ਸਿੰਘ ਢਿੱਲਵਾਂ, ਡਾ: ਬਲਦੇਵ ਸਿੰਘ ਕਾਲੇਕੇ, ਡਾ: ਚੰਦ ਸਿੰਘ ਰੁਪਾਣਾ, ਡਾ: ਸੁਰਜੀਤ ਸਿੰਘ ਕਪੂਰਥਲਾ, ਸੁਖਵਿੰਦਰਾ ਸਿੰਘ ਕਪੂਰਥਲਾ, ਕਪੂਰਥਲਾ ਦੇ ਡਾ: ਗੁਰਦਿਆਲ ਸਿੰਘ, ਨਕੋਦਰ ਦੇ ਡਾ: ਜਸਵੰਤ ਸਿੰਘ, ਫਿਰੋਜ਼ਪੁਰ ਦੇ ਡਾ: ਗੁਲਾਬ ਸਿੰਘ, ਡਾ. ਪਾਲ ਸਿੰਘ ਜ਼ੀਰਾ, ਤਰਨਤਾਰਨ ਦੇ ਡਾ: ਸਾਹਿਬ ਸਿੰਘ, ਡਾ: ਭੁਪਿੰਦਰ ਸਿੰਘ ਬਾਵਾ, ਚਮਕੌਰ ਸਾਹਿਬ ਦੇ ਡਾ: ਕੀਰਤਨ ਸਿੰਘ, ਡਾ: ਜਗਰੂਪ ਸਿੰਘ ਜ਼ੀਰਾ, ਡਾ: ਮੁਹੰਮਦ ਸ਼ਰੀਫ਼, ਡਾ: ਬਾਰਾ ਸਿੰਘ, ਡਾ: ਸਰਬਜੀਤ ਸਿੰਘ ਚੁੱਘੇ ਕਲਾਂ, ਡਾ: ਜਸਵੀਰ ਸਿੰਘ ਅਤੇ ਡਾ: ਸੁਖਪਾਲ ਸਿੰਘ, ਗੁਰਿੰਦਰ ਸਿੰਘ ਮਹਿੰਦੀਰੱਤਾ ਵੀ ਹਾਜ਼ਰ ਸਨ ।

# ਸੁਖਪਾਲ ਖਹਿਰਾ ਦੀ ਵਿਵਾਦਤ ਟਿੱਪਣੀ ‘ਤੇ ਮਚਿਆ ਸਿਆਸੀ ਤੂਫਾਨ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਆਪਣੇ ਇਕ ਸੋਸ਼ਲ ਮੀਡੀਆ ਬਿਆਨ ਨੂੰ ਲੈ ਕੇ ਵਿਵਾਦਾਂ ਵਿੱਚ ਘਿਰ ਗਏ ਹਨ। ਔਰਤਾਂ ਲਈ ਸਰਕਾਰ ਵੱਲੋਂ ਐਲਾਨੀ ਗਈ 1000 ਰੁਪਏ ਮਹੀਨਾ ਯੋਜਨਾ ‘ਤੇ ਟਿੱਪਣੀ ਕਰਦੇ ਹੋਏ ਕੀਤੀ ਪੋਸਟ ਤੋਂ ਬਾਅਦ ਮਾਮਲਾ ਗੰਭੀਰ ਹੋ ਗਿਆ ਹੈ। ਇਸ ਮਾਮਲੇ ਦਾ ਨੋਟਿਸ ਲੈਂਦੇ ਹੋਏ Punjab State Women Commission ਨੇ ਸੁ-ਮੋਟੋ ਕਾਰਵਾਈ ਕਰਦਿਆਂ ਕਪੂਰਥਲਾ ਦੇ ਐਸਐਸਪੀ ਤੋਂ ਰਿਪੋਰਟ ਮੰਗ ਲਈ ਹੈ।

ਕਮਿਸ਼ਨ ਨੇ ਇਹ ਵੀ ਕਿਹਾ ਕਿ ਇਹ ਬਿਆਨ ਪੰਜਾਬ ਕਾਂਗਰਸ ਪ੍ਰਧਾਨ Amrinder Singh Raja Warring ਦੇ ਉਕਸਾਏ ‘ਤੇ ਦਿੱਤਾ ਗਿਆ ਦੱਸਿਆ ਜਾ ਰਿਹਾ ਹੈ। ਇਸ ਕਰਕੇ ਕਮਿਸ਼ਨ ਨੇ ਖਹਿਰਾ ਦੇ ਨਾਲ-ਨਾਲ ਰਾਜਾ ਵੜਿੰਗ ਨੂੰ ਵੀ 14 ਮਾਰਚ ਸਵੇਰੇ 11:30 ਵਜੇ ਮੁਹਾਲੀ ਸਥਿਤ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਹੈ।

ਦਰਅਸਲ ਖਹਿਰਾ ਵੱਲੋਂ ਕੀਤੀ ਗਈ ਪੋਸਟ ਵਿੱਚ ਲਿਖਿਆ ਗਿਆ ਸੀ ਕਿ 1000 ਰੁਪਏ ਵਿੱਚ ਗਿੱਧਾ ਪਾਉਣ ਵਾਲੀਆਂ ਔਰਤਾਂ ਕਿੱਥੋਂ ਸੂਰਮੇ ਪੈਦਾ ਕਰਨਗੀਆਂ , ਜਿਸ ਨੂੰ ਕਈ ਵਰਗਾਂ ਨੇ ਔਰਤਾਂ ਪ੍ਰਤੀ ਅਪਮਾਨਜਨਕ ਦੱਸਿਆ।

# ਆਰਜੀ ਚਾਰਜ ਸੰਭਾਲਣ ਵਾਲੀ ਬੀ.ਡੀ.ਪੀ.ਓ. ਖਿਲਾਫ ਪੰਚਾਇਤ ਸਕੱਤਰਾਂ ਤੇ ਗ੍ਰਾਮ ਸੇਵਕਾਂ ਨੇ ਮੋਰਚਾ ਖੋਲ੍ਹਣ ਉਪਰੰਤ ਬਦਲਿਆ ਬੀ.ਡੀ.ਪੀ.ਓ.

**ਪਟਿਆਲਾ, 14 ਮਾਰਚ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੇਂਡੂ ਵਿਕਾਸ ਤੇ ਪੰਚਾਇਤ ਬਲਾਕ ਪਟਿਆਲਾ ਦਾ ਬੀ.ਡੀ.ਪੀ.ਓ. ਅਹੁਦਾ ਖਾਲੀ ਹੋਣ ਕਾਰਨ ਨਾਭਾ ਦੀ ਬੀ. ਡੀ. ਪੀ. ਓ. ਬਲਜੀਤ ਕੌਰ ਨੂੰ ਪਟਿਆਲਾ ਬਲਾਕ ਦੀ ਆਰਜੀ ਚਾਰਜ ਦਿੱਤਾ ਗਿਆ ਸੀ ਤਾਂ ਜੋ ਦਫ਼ਤਰ ਦੇ ਕੰਮ ਨਾ ਰੁਕ ਸਕਣ ਪਰ ਬੀ. ਡੀ. ਪੀ. ਓ. ਦਾ ਚਾਰਜ ਸੰਭਾਲਣ ਉਪਰੰਤ ਬਲਾਕ ਦੇ ਪੰਚਾਇਤ ਸਕੱਤਰਾਂ ਅਤੇ ਗ੍ਰਾਮ ਸੇਵਕਾਂ ਨੇ ਬੀ. ਡੀ. ਪੀ. ਓ. ਦੇ ਤਾਨਾਸ਼ਾਹੀ ਰਵੱਈਏ ਨੂੰ ਲੈ ਕੇ ਦਫ਼ਤਰ ਵਿਚ ਪੱਕਾ ਮੋਰਚਾ ਖੋਲ੍ਹ ਦਿੱਤਾ ਸੀ, ਜਿਸ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਅਤੇ ਤੁਰੰਤ ਸਰਕਾਰ ਨੂੰ ਅਪੀਲ ਕੀਤੀ ਕਿ ਬੀ. ਡੀ. ਪੀ. ਓ. ਵਲੋਂ ਸਬੰਧਤ ਮੁਲਾਜ਼ਮਾਂ ਨਾਲ ਮਾੜਾ ਵਤੀਰਾ ਕੀਤਾ ਜਾਂਦਾ ਹੈ ਅਤੇ ਦਫ਼ਤਰੀ ਗਰੁੱਪ ਵਿਚ ਬੇਲੋੜੀਆਂ ਪੋਸਟਾਂ ਪਾ ਕੇ ਸਮੁੱਚੇ ਮੁਲਾਜ਼ਮਾਂ ਦਾ ਮਾਨਸਿਕ ਤਣਾਅ ਪੈਦਾ ਕੀਤਾ ਜਾ ਰਿਹਾ ਹੈ, ਉਥੇ ਹੀ ਪ੍ਰਧਾਨ ਅਮਰੀਕ ਸਿੰਘ ਦੀ ਅਗਵਾਈ ਹੇਠ ਸਮੁੱਚੇ ਮੁਲਾਜ਼ਮ ਪੱਕੇ ਤੌਰ ’ਤੇ ਕਲਮਛੋੜ ਹੜ੍ਹਤਾਲ ਕਰਕੇ ਬੀ. ਡੀ. ਪੀ. ਓ. ਖਿਲਾਫ ਨਾਅਰੇਬਾਜ਼ੀ ਕਰਨ ਲਈ ਧਰਨੇ ’ਤੇ ਜਾ ਬੈਠੇ, ਜਿਥੇ ਮੁਲਾਜ਼ਮਾਂ ਨੇ ਬੀ. ਡੀ. ਪੀ. ਓ. ਖਿਲਾਫ ਬੋਲਦੇ ਹੋਏ ਕਿਹਾ ਸੀ ਕਿ ਮਾਨਸਿਕ ਤਣਾਅ ਪੈਦਾ ਕਰਨ ਦੇ ਨਾਲ ਨਾਲ ਆਪਣੀ ਤੁਲਨਾ ਗੁਰੂ ਸਾਹਿਬਾਨ ਨਾਲ ਕਰਕੇ ਆਪਣੇ ਭਰਾ ਦੇ ਪੈਰਾਂ ਵਿਚ ਪਦਮ ਹੋਣ ਦੀ ਗੱਲ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ ਦਾ ਕਾਫੀ ਵਿਰੋਧ ਕੀਤਾ ਗਿਆ, ਜਿਸ ਨੂੰ ਦੇਖਦੇ ਹੋਏ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਲੋਂ ਬੀ. ਡੀ. ਪੀ. ਓ. ਬਲਜੀਤ ਕੌਰ ਤੋਂ ਪਟਿਆਲਾ ਬਲਾਕ ਦਾ ਵਾਧੂ ਚਾਰਜ ਵਾਪਸ ਲੈਣ ਉਪਰੰਤ ਹੁਣ ਇਥੇ ਦਫ਼ਤਰ ਵਿਚ ਰਹੇ ਐਸ. ਈ. ਪੀ. ਓ. ਹਰਮਿੰਦਰ ਸਿੰਘ ਨੂੰ ਬੀ.ਡੀ.ਪੀ.ਓ. ਦਾ ਚਾਰਜ ਵੀ ਦੇ ਦਿੱਤਾ ਗਿਆ ਹੈ, ਜਿਸ ਸੰਬੰਧੀ ਪੱਤਰ ਵੀ ਜਾਰੀ ਕਰ ਦਿੱਤਾ ਗਿਆ ਹੈ, ਜਿਸ ਨੂੰ ਲੈ ਕੇ ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ, ਨਰੇਗਾ ਸੈਕਟਰੀਆਂ ਆਦਿ ਸਮੁੱਚੇ ਮੁਲਾਜ਼ਮਾਂ ਵਿਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ।

# ਆਲ ਇੰਡੀਆ ਸਿਵਲ ਸਰਵਿਸਿਜ਼ ਵੇਟਲਿਫਟਿੰਗ ਅਤੇ ਪਾਵਰਲਿਫਟਿੰਗ ਟੂਰਨਾਮੈਂਟ 2025-26 ਵਿਖੇ ਪਾਵਰਲਿਫਟਿੰਗ ਮੁਕਾਬਲੇ ਸਮਾਪਤ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਸਿਵਲ ਸਰਵਿਸਿਜ਼ ਵੇਟਲਿਫਟਿੰਗ ਅਤੇ ਪਾਵਰਲਿਫਟਿੰਗ ਟੂਰਨਾਮੈਂਟ 2025-26 (ਪੁਰਸ਼ ਅਤੇ ਮਹਿਲਾ) ਦੇ ਪਾਵਰਲਿਫਟਿੰਗ ਮੁਕਾਬਲੇ ਅੱਜ ਵੇਟਲਿਫਟਿੰਗ ਹਾਲ, ਸਪੋਰਟਸ ਕੰਪਲੈਕਸ, ਸੈਕਟਰ-42, ਚੰਡੀਗੜ੍ਹ ਵਿਖੇ ਸਮਾਪਤ ਹੋਏ। ਇਹ ਚੈਂਪੀਅਨਸ਼ਿਪ ਖੇਡ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਕੇਂਦਰੀ ਸਿਵਲ ਸਰਵਿਸਿਜ਼ ਸੱਭਿਆਚਾਰਕ ਅਤੇ ਖੇਡ ਬੋਰਡ (ਸੀਸੀਐੱਸਸੀਐੱਸਬੀ/CCSCSB), ਨਵੀਂ ਦਿੱਲੀ ਦੀ ਸਰਪ੍ਰਸਤੀ ਵਿੱਚ ਆਯੋਜਿਤ ਕੀਤੀ ਗਈ।



ਦੇਸ਼ ਭਰ ਦੇ ਵਿਭਿੰਨ ਕੇਂਦਰੀ ਸਰਕਾਰ ਦੇ ਵਿਭਾਗਾਂ ਅਤੇ ਸੰਗਠਨਾਂ ਦੇ ਖਿਡਾਰੀਆਂ ਨੇ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਅਤੇ 8 ਤੋਂ 10 ਮਾਰਚ 2026 ਤੱਕ ਆਯੋਜਿਤ ਪਾਵਰਲਿਫਟਿੰਗ ਮੁਕਾਬਲਿਆਂ ਦੇ ਦੌਰਾਨ ਆਪਣੀ ਸ਼ਾਨਦਾਰ ਸ਼ਕਤੀ ਅਤੇ ਪ੍ਰਤੀਯੋਗੀ ਭਾਵਨਾ ਦਾ ਪ੍ਰਦਰਸ਼ਨ ਕੀਤਾ।

ਪਾਵਰਲਿਫਟਿੰਗ ਮੁਕਾਬਲਿਆਂ ਦੇ ਸਮਾਪਨ ਸਮਾਰੋਹ ਵਿੱਚ ਡਾ. ਮਹੇਂਦਰ ਸਿੰਘ, ਜੁਆਇੰਟ ਡਾਇਰੈਕਟਰ ਸਪੋਰਟਸ, ਚੰਡੀਗੜ੍ਹ ਪ੍ਰਸ਼ਾਸਨ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਰਸਮੀ ਤੌਰ ’ਤੇ ਪਾਵਰਲਿਫਟਿੰਗ ਮੁਕਾਬਲਿਆਂ ਦੇ ਸਮਾਪਨ ਦਾ ਐਲਾਨ ਕੀਤਾ।

ਇਸ ਅਵਸਰ ’ਤੇ ਮੌਜੂਦ ਹੋਰ ਪਤਵੰਤਿਆਂ ਵਿੱਚ ਸ਼੍ਰੀ ਰਤਨ ਸਿੰਘ ਰਾਣਾ, ਕਨਵੀਨਰ ਸੀਸੀਐੱਸਸੀਐੱਸਬੀ (CCSCSB) ਅਤੇ ਡਾ.ਭਗਵੰਤ ਸਿੰਘ, ਆਈਵਾਈਏ, ਖੇਡ ਵਿਭਾਗ ਚੰਡੀਗੜ੍ਹ ਪ੍ਰਸ਼ਾਸਨ ਵੀ ਉਪਸਥਿਤ ਰਹੇ।

ਅੱਜ ਆਯੋਜਿਤ ਪਾਵਰਲਿਫਟਿੰਗ ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਹਨ:

ਪੁਰਸ਼ 105 ਕਿਲੋਗ੍ਰਾਮ ਵਰਗ
1. ਨੀਲੇਸ਼ ਗਰਾਟੇ (ਮਹਾਰਾਸ਼ਟਰ) - 830 ਕਿਲੋਗ੍ਰਾਮ
2. ਪ੍ਰਦੀਪ ਕੁਮਾਰ (ਉੱਤਰ ਪ੍ਰਦੇਸ਼) - 780 ਕਿਲੋਗ੍ਰਾਮ
3. ਵਾਸੁਦਾਵ ਸਾਰਸਵਤ (ਰਾਜਸਥਾਨ) - 725 ਕਿਲੋਗ੍ਰਾਮ

ਮਹਿਲਾ 84+ ਕਿਲੋਗ੍ਰਾਮ ਵਰਗ
1. ਰੀਨਾ ਕੁਮਾਰੀ (ਹਰਿਆਣਾ) - 585 ਕਿਲੋਗ੍ਰਾਮ
2. ਸ਼੍ਰੇਯਾ ਸੁਨੀਲ (ਮਹਾਰਾਸ਼ਟਰ) - 440 ਕਿਲੋਗ੍ਰਾਮ
3. ਛਾਇਆਰਾਣੀ (ਛੱਤੀਸਗੜ੍ਹ) - 327.5 ਕਿਲੋਗ੍ਰਾਮ

ਮਹਿਲਾ 84 ਕਿਲੋਗ੍ਰਾਮ ਵਰਗ
1. ਜੀ. ਸੂਰਯ ਪ੍ਰਭਾ (ਪੁਡੂਚੇਰੀ) - 435 ਕਿਲੋਗ੍ਰਾਮ
2. ਨਰੇਸ਼ਵਰੀ ਧੁਰਵੇ (ਮੱਧ ਪ੍ਰਦੇਸ਼) - 375 ਕਿਲੋਗ੍ਰਾਮ
3. ਮੰਜੂ ਗੁਪਤਾ (ਹਰਿਆਣਾ) - 317.5 ਕਿਲੋਗ੍ਰਾਮ

ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਦੇ ਵਿਭਿੰਨ ਸਰਕਾਰੀ ਵਿਭਾਗਾਂ ਦੀ ਨੁਮਾਇੰਦਗੀ ਕਰ ਰਹੇ ਖਿਡਾਰੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ ਅਤੇ ਉੱਚ ਪੱਧਰ ਦਾ ਪ੍ਰਦਰਸ਼ਨ ਕੀਤਾ। ਇਸ ਪ੍ਰੋਗਰਾਮ ਦੇ ਸਫ਼ਲ ਆਯੋਜਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਖੇਡ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਸਰਕਾਰੀ ਕਰਮਚਾਰੀਆਂ ਦੇ ਦਰਮਿਆਨ ਖੇਡਾਂ ਅਤੇ ਤੰਦਰੁਸਤੀ ਨੂੰ ਹੁਲਾਰਾ ਦੇਣ ਲਈ ਨਿਰੰਤਰ ਪ੍ਰਤੀਬੱਧ ਹੈ।

# ਕਿਸਾਨੀ ਖੇਤਰ ਲਈ ਘੱਟ ਬਜਟ ਅਤੇ ਖੇਤੀ ਨੀਤੀ ਵਿੱਚ ਦੇਰੀ ’ਤੇ ਰਾਣਾ ਗੁਰਜੀਤ ਸਿੰਘ ਦੀ ਚਿੰਤਾ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਵਿੱਚ ਰਾਜ ਦੇ ਬਜਟ ’ਤੇ ਚੱਲ ਰਹੀ ਚਰਚਾ ਦੌਰਾਨ ਕਪੂਰਥਲਾ ਤੋਂ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਵਿੱਤੀ ਵਰ੍ਹੇ 2026-27 ਲਈ ਰਾਜ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਲਈ ਰੱਖੇ ਗਏ ਕੇਵਲ ?15,377 ਕਰੋੜ ਦੇ ਬਜਟ ਪ੍ਰਬੰਧ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਭਾਵੇਂ ਬਜਟ ਵਿੱਚ ਫਸਲੀ ਵਿਭਿੰਨਤਾ (ਕਰਾਪ ਡਾਇਵਰਸੀਫਿਕੇਸ਼ਨ) ਦਾ ਜ਼ਿਕਰ ਕੀਤਾ ਗਿਆ ਹੈ, ਪਰ ਇਹ ਸਿਰਫ਼ ਕਾਗਜ਼ਾਂ ਤੱਕ ਹੀ ਸੀਮਿਤ ਦਿਖਾਈ ਦਿੰਦਾ ਹੈ ਅਤੇ ਇਸ ਨਾਲ ਪੰਜਾਬ ਦੀ ਫਸਲੀ ਪ੍ਰਣਾਲੀ ਵਿੱਚ ਅਸਲ ਬਦਲਾਅ ਲਿਆਉਣ ਲਈ ਲੋੜੀਂਦੀ ਗੰਭੀਰਤਾ ਨਹੀਂ ਦਿਖਦੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਚਾਰ ਸਾਲ ਬੀਤ ਚੁੱਕੇ ਹਨ, ਪਰ ਉਸ ਵੇਲੇ ਵਾਅਦਾ ਕੀਤੀ ਗਈ ਖੇਤੀ ਨੀਤੀ ਅਜੇ ਤੱਕ ਜਾਰੀ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਪੰਜਾਬ ਮੁੱਖ ਤੌਰ ’ਤੇ ਖੇਤੀਬਾੜੀ ਉੱਤੇ ਆਧਾਰਿਤ ਰਾਜ ਹੈ ਅਤੇ ਕਿਸਾਨਾਂ ਨੂੰ ਸਪਸ਼ਟ ਦਿਸ਼ਾ ਦੇਣ ਲਈ ਇੱਕ ਮਜ਼ਬੂਤ ਅਤੇ ਵਿਸਥਾਰਪੂਰਕ ਖੇਤੀ ਨੀਤੀ ਦੀ ਤੁਰੰਤ ਲੋੜ ਹੈ।

ਕਿਸਾਨੀ ਖੇਤਰ ਹੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਮੌਜੂਦਾ ਹਾਲਾਤ ਦਰਸਾਉਂਦੇ ਹਨ ਕਿ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਹੀ ਹੈ, ਉਨ੍ਹਾਂ ਨੇ ਸਭਾ ਵਿੱਚ ਕਿਹਾ।

ਰਾਣਾ ਗੁਰਜੀਤ ਸਿੰਘ ਨੇ ਜ਼ਮੀਨੀ ਪਾਣੀ ਦੀ ਰਖ ਰਖਾਉ ਨੂੰ ਸਮੇਂ ਦੀ ਵੱਡੀ ਲੋੜ ਦੱਸਦਿਆਂ ਸਰਕਾਰ ਨੂੰ ਅਪੀਲ ਕੀਤੀ ਕਿ ਫਸਲੀ ਵਿਭਿੰਨਤਾ ਨੂੰ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਨੇ ਕਿਸਾਨਾਂ ਨੂੰ ਰਵਾਇਤੀ ਝੋਨਾ ਅਤੇ ਕਣਕ ਦੀ ਖੇਤੀ ਤੋਂ ਇਲਾਵਾ ਹੋਰ ਫਸਲਾਂ ਵੱਲ ਮੋੜਨ ਲਈ ਮੱਕੀ ਦੀ ਵੱਡੇ ਪੱਧਰ ’ਤੇ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਉਗਾਈ ਜਾਣ ਵਾਲੀ ਮੱਕੀ ਦੀ ਕਿਸਮ ਉੱਤਰੀ ਅਮਰੀਕੀ ਦੇਸ਼ਾਂ ਨਾਲੋਂ ਵੀ ਬਿਹਤਰ ਹੈ, ਜਿੱਥੇ ਜ਼ਿਆਦਾਤਰ ਜੈਨੇਟੀਕਲੀ ਮੋਡੀਫਾਈਡ ਮੱਕੀ ਦੀਆਂ ਕਿਸਮਾਂ ਦੀ ਖੇਤੀ ਹੁੰਦੀ ਹੈ।

ਉਨ੍ਹਾਂ ਇਹ ਵੀ ਦਰਸਾਇਆ ਕਿ ਰਾਜ ਵਿੱਚ ਕਣਕ ਅਤੇ ਚੌਲ ਦੀ ਸਟੋਰੇਜ ਲਈ ਥਾਂ ਦੀ ਭਾਰੀ ਕਮੀ ਹੈ, ਕਿਉਂਕਿ ਪਿਛਲੇ ਸੀਜ਼ਨਾਂ ਦਾ ਵੱਡਾ ਅਨਾਜ ਭੰਡਾਰ ਪਹਿਲਾਂ ਹੀ ਗੋਦਾਮਾਂ ਵਿੱਚ ਪਿਆ ਹੈ। ਉਨ੍ਹਾਂ ਕਿਹਾ, ਸਟੋਰੇਜ ਸੰਕਟ ਦਾ ਪੱਕਾ ਹੱਲ ਫਸਲੀ ਵਿਭਿੰਨਤਾ ਵਿੱਚ ਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 1 ਅਪ੍ਰੈਲ ਤੋਂ ਜਦੋਂ ਰਬੀ ਦੀ ਕਣਕ ਮੰਡੀਆਂ ਵਿੱਚ ਆਉਣੀ ਸ਼ੁਰੂ ਹੋਵੇਗੀ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਵੇਗੀ। ਉਨ੍ਹਾਂ ਸਵਾਲ ਕੀਤਾ, ਇੰਨਾ ਵੱਡਾ ਅਨਾਜ ਭੰਡਾਰ ਰਾਜ ਦੀ ਸਰਕਾਰ ਕਿੱਥੇ ਸੰਭਾਲੇਗੀ ? ਆਪਣੇ ਤਜਰਬੇ ਦਾ ਹਵਾਲਾ ਦਿੰਦਿਆਂ ਰਾਣਾ ਗੁਰਜੀਤ ਸਿੰਘ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀਆਂ ਸਲਾਹਾਂ ’ਤੇ ਵੀ ਵਿਚਾਰ ਕਰੇ।

# ਡਿਗਰੀਆਂ ਸਾੜੀਆਂ, ਸੜਕਾਂ ’ਤੇ ਭੀਖ ਮੰਗ ਕੇ ਟੈਕਨੀਕਲ ਨੌਜਵਾਨਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਰੋਜ਼ਗਾਰ ਦੇ ਵੱਡੇ ਦਾਅਵੇ ਕਰਨ ਵਾਲੀ ਸਰਕਾਰ ਦੇ ਰਾਜ ਵਿੱਚ ਹੀ ਪੜ੍ਹੀ-ਲਿਖੀ ਤਕਨੀਕੀ ਨੌਜਵਾਨੀ ਅੱਜ ਆਪਣੇ ਹੱਕਾਂ ਲਈ ਸੜਕਾਂ ’ਤੇ ਸੰਘਰਸ਼ ਕਰਨ ਲਈ ਮਜਬੂਰ ਹੈ। ਆਲ ਡਿਪਲੋਮਾ/ਡਿਗਰੀ ਟੈਕਨੀਕਲ ਅਪ੍ਰੈਂਟਿਸ ਐਸੋਸੀਏਸ਼ਨ ਵੱਲੋਂ ਬਿਜਲੀ ਵਿਭਾਗ ਦੇ ਮੁੱਖ ਦਫ਼ਤਰ ਪਟਿਆਲਾ ਅੱਗੇ ਲਗਾਇਆ ਗਿਆ ਸ਼ਾਂਤਮਈ ਧਰਨਾ ਮੰਗਲਵਾਰ ਨੂੰ 72ਵੇਂ ਦਿਨ ਵਿੱਚ ਦਾਖ਼ਲ ਹੋ ਗਿਆ, ਜਦਕਿ ਲੜੀਵਾਰ ਭੁੱਖ ਹੜਤਾਲ 71ਵੇਂ ਦਿਨ ਜਾਰੀ ਰਹੀ।

ਇਹ ਸੰਘਰਸ਼ 29 ਦਸੰਬਰ 2025 ਤੋਂ ਲਗਾਤਾਰ ਚੱਲ ਰਿਹਾ ਹੈ, ਜਿੱਥੇ ਨੌਜਵਾਨ ਖੁੱਲ੍ਹੇ ਆਸਮਾਨ ਹੇਠਾਂ ਫੁਟਪਾਥਾਂ ’ਤੇ ਰਹਿ ਕੇ ਆਪਣੇ ਭਵਿੱਖ ਲਈ ਲੜ ਰਹੇ ਹਨ।

ਮੰਗਲਵਾਰ ਨੂੰ ਸੰਘਰਸ਼ ਕਰ ਰਹੇ ਨੌਜਵਾਨਾਂ ਨੇ ਸਰਕਾਰ ਦੀ ਬੇਰੁਖ਼ੀ ਦੇ ਵਿਰੋਧ ਵਿੱਚ ਅਨੋਖਾ ਪ੍ਰਦਰਸ਼ਨ ਕਰਦਿਆਂ ਆਪਣੀਆਂ ਡਿਗਰੀਆਂ ਅਤੇ ਟ੍ਰੇਨਿੰਗ ਸਰਟੀਫਿਕੇਟਾਂ ਨੂੰ ਪ੍ਰਤੀਕਾਤਮਕ ਤੌਰ ’ਤੇ ਅਗਨ ਭੇਂਟ ਕਰ ਦਿੱਤਾ। ਨੌਜਵਾਨਾਂ ਦਾ ਕਹਿਣਾ ਸੀ ਕਿ ਜੇਕਰ ਪੜ੍ਹਾਈ ਅਤੇ ਤਕਨੀਕੀ ਯੋਗਤਾਵਾਂ ਦੀ ਕਦਰ ਹੀ ਨਹੀਂ, ਤਾਂ ਇਹ ਡਿਗਰੀਆਂ ਕਿਸ ਕੰਮ ਦੀਆਂ ਹਨ।

ਇਸ ਤੋਂ ਬਾਅਦ ਨੌਜਵਾਨਾਂ ਨੇ ਪਟਿਆਲਾ ਦੀਆਂ ਸੜਕਾਂ ’ਤੇ ਭੀਖ ਮੰਗ ਕੇ ਸਰਕਾਰ ਦੀ ਰੋਜ਼ਗਾਰ ਨੀਤੀ ’ਤੇ ਤਿੱਖਾ ਤੰਜ ਕੱਸਿਆ। ਉਨ੍ਹਾਂ ਕਿਹਾ ਕਿ ਜਦੋਂ ਪੜ੍ਹੇ-ਲਿਖੇ ਇੰਜੀਨੀਅਰਾਂ ਲਈ ਸਰਕਾਰ ਕੋਲ ਰੋਜ਼ਗਾਰ ਨਹੀਂ, ਤਾਂ ਇਹ ਹਾਲਾਤ ਉਨ੍ਹਾਂ ਨੂੰ ਭੀਖ ਮੰਗਣ ਲਈ ਮਜਬੂਰ ਕਰ ਰਹੇ ਹਨ। ਇਸ ਪ੍ਰਦਰਸ਼ਨ ਵਿੱਚ ਕਰੀਬ 90 ਤੋਂ 100 ਤਕਨੀਕੀ ਨੌਜਵਾਨਾਂ ਨੇ ਹਿੱਸਾ ਲਿਆ ਅਤੇ ਰੋਜ਼ਗਾਰ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ। ਯੂਨੀਅਨ ਆਗੂਆਂ ਨੇ ਦੱਸਿਆ ਕਿ 2005 ਤੋਂ ਬਿਜਲੀ ਵਿਭਾਗ ਵੱਲੋਂ ਡਿਪਲੋਮਾ ਅਤੇ ਡਿਗਰੀ ਧਾਰਕ ਨੌਜਵਾਨਾਂ ਨੂੰ ਅਪ੍ਰੈਂਟਿਸਸ਼ਿਪ ਦੇ ਨਾਮ ’ਤੇ ਇੱਕ ਸਾਲ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਦੌਰਾਨ ਉਨ੍ਹਾਂ ਤੋਂ ਰੈਗੂਲਰ ਕਰਮਚਾਰੀਆਂ ਵਾਂਗ ਤਕਨੀਕੀ ਕੰਮ ਲਿਆ ਜਾਂਦਾ ਹੈ, ਪਰ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਨਾ ਤਾਂ ਉਨ੍ਹਾਂ ਨੂੰ ਪੱਕੀ ਨੌਕਰੀ ਮਿਲਦੀ ਹੈ ਅਤੇ ਨਾ ਹੀ ਭਰਤੀ ਪ੍ਰਕਿਰਿਆ ਵਿੱਚ ਉਨ੍ਹਾਂ ਦੇ ਤਜਰਬੇ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਯੂਨੀਅਨ ਨੇ ਦੋਸ਼ ਲਗਾਇਆ ਕਿ ਡਿਪਲੋਮਾ ਅਤੇ ਡਿਗਰੀ ਅਪ੍ਰੈਂਟਿਸ ਨੌਜਵਾਨਾਂ ਨੂੰ ਮਹਿਕਮੇ ਵਿੱਚ ਸਸਤੀ ਲੇਬਰ ਵਜੋਂ ਵਰਤਿਆ ਜਾਂਦਾ ਹੈ। ਗਰਿੱਡਾਂ ’ਤੇ ਤਕਨੀਕੀ ਕੰਮ ਤੋਂ ਇਲਾਵਾ ਕਈ ਵਾਰ ਦਫ਼ਤਰਾਂ ਦੇ ਹੋਰ ਕੰਮ ਵੀ ਕਰਵਾਏ ਜਾਂਦੇ ਹਨ। ਇੱਥੋਂ ਤੱਕ ਕਿ ਹੜਤਾਲਾਂ ਦੌਰਾਨ ਨੌਜਵਾਨਾਂ ਤੋਂ 36-36 ਘੰਟੇ ਤੱਕ ਲਗਾਤਾਰ ਡਿਊਟੀ ਕਰਵਾਉਣ ਦੇ ਦੋਸ਼ ਵੀ ਲਗਾਏ ਗਏ। ਯੂਨੀਅਨ ਦੇ ਅਨੁਸਾਰ ਜਿਹੜਾ ਕੰਮ ਰੈਗੂਲਰ ਕਰਮਚਾਰੀ ਵੱਡੀ ਤਨਖਾਹ ’ਤੇ ਕਰਦੇ ਹਨ, ਉਹੀ ਕੰਮ ਅਪ੍ਰੈਂਟਿਸ ਨੌਜਵਾਨਾਂ ਤੋਂ ਕੇਵਲ ਕਰੀਬ 8 ਹਜ਼ਾਰ ਰੁਪਏ ਦੇ ਭੱਤੇ ’ਤੇ ਕਰਵਾਇਆ ਜਾਂਦਾ ਹੈ ਅਤੇ ਇਹ ਭੱਤਾ ਵੀ ਅਕਸਰ ਸਮੇਂ ਸਿਰ ਨਹੀਂ ਮਿਲਦਾ। ਯੂਨੀਅਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਪ੍ਰੈਂਟਿਸਸ਼ਿਪ ਪੂਰੀ ਕਰ ਚੁੱਕੇ ਯੋਗ ਨੌਜਵਾਨਾਂ ਦੇ ਤਜਰਬੇ ਨੂੰ ਮਾਨਤਾ ਨਾ ਦਿੱਤੀ ਗਈ ਅਤੇ ਭਰਤੀ ਪ੍ਰਕਿਰਿਆ ਵਿੱਚ ਉਨ੍ਹਾਂ ਨੂੰ ਨਿਆਂਪੂਰਕ ਮੌਕਾ ਨਾ ਮਿਲਿਆ ਤਾਂ ਸੰਘਰਸ਼ ਨੂੰ ਹੋਰ ਵੀ ਤੀਬਰ ਕੀਤਾ ਜਾਵੇਗਾ।

**ਖੇਤੀਬਾੜੀ ਮੰਤਰੀ ਯੂਪੀਐਸਸੀ ਦੀ ਵਕਾਰੀ ਪ੍ਰੀਖਿਆ ਪਾਸ ਕਰਨ ਵਾਲੀ ਰਸਨੀਤ ਕੌਰ ਕੰਬੋਜ ਨੂੰ ਵਧਾਈ ਦੇਣ ਪੁੱਜੇ**

# ਰਸਨੀਤ ਕੌਰ ਵੱਲੋਂ 22 ਸਾਲ ਦੀ ਉਮਰ ‘ਚ ਪਹਿਲੀ ਵਾਰ ਹੀ ਆਲ ਇੰਡੀਆ ਰੈਂਕ 51ਵਾਂ ਪ੍ਰਾਪਤ ਕਰਨਾ; ਪੰਜਾਬ ਲਈ ਮਾਣ ਵਾਲੀ ਪ੍ਰਾਪਤੀ : ਖੁੱਡੀਆਂ

**ਰਾਜਪੁਰਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਰਾਜਪੁਰਾ ਨੇੜੇ ਪਿੰਡ ਮਦਨਪੁਰ ਵਿਖੇ ਪਹੁੰਚ ਕੇ ਪੰਜਾਬ ਦੀ ਧੀ ਰਸਨੀਤ ਕੌਰ ਨੂੰ ਦੇਸ਼ ਦੀਆਂ ਸਭ ਤੋਂ ਔਖੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚੋਂ ਇੱਕ, ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਦੀ ਵੱਕਾਰੀ ਪ੍ਰੀਖਿਆ ਵਿੱਚ ਆਲ ਇੰਡੀਆ (ਏਆਈਆਰ) 51ਵਾਂ ਰੈਂਕ ਪ੍ਰਾਪਤ ਕਰਕੇ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੱਤੀ।



ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਅਤੇ ਜਲਾਲਾਬਾਦ ਦੇ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਵੀ ਮੌਜੂਦ ਸਨ। ਉਨ੍ਹਾਂ ਨੇ ਰਸਨੀਤ ਕੌਰ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਕੀਤਾ।

ਇਸ ਅਹਿਮ ਪ੍ਰਾਪਤੀ ਹਾਸਲ ਕਰਨ ਵਾਲੀ ਨੌਜਵਾਨ ਬੱਚੀ ਰਸਨੀਤ ਕੌਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਧਾਈ ਦਿੰਦੇ ਹੋਏ, ਖੇਤੀਬਾੜੀ ਮੰਤਰੀ ਨੇ ਉਸਦੇ ਮਾਪਿਆਂ ਨੂੰ ਉਨ੍ਹਾਂ ਦੇ ਸਮਰਥਨ ਅਤੇ ਉਤਸ਼ਾਹ ਲਈ ਵੀ ਵਧਾਈ ਦਿੱਤੀ। ਉਨ੍ਹਾਂ ਨੇ ਰਸਨੀਤ ਕੌਰ ਦੇ ਪਿਤਾ ਅਤੇ ਪੰਜਾਬ ਬਿਜਲੀ ਨਿਗਮ ‘ਚ ਲਾਈਨਮੈਨ ਵਜੋਂ ਕੰਮ ਕਰਦੇ ਜਸਵਿੰਦਰ ਸਿੰਘ ਤੇ ਮਾਤਾ ਇੱਕ ਇੱਕ ਘਰੇਲੂ ਸੁਆਣੀ ਸਵਰਨ ਕੌਰ, ਵੱਲੋਂ ਆਪਣੀ ਬੱਚੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਦਿੱਤੇ ਸਹਿਯੋਗ ਦੀ ਸ਼ਲਾਘਾ ਕੀਤੀ।

ਰਸਨੀਤ ਕੌਰ ਦੀ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕਰਦੇ ਹੋਏ, ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਿਰਫ 22 ਸਾਲ ਦੀ ਛੋਟੀ ਉਮਰ ਵਿੱਚ, ਉਸਨੇ ਆਪਣੀ ਪਹਿਲੀ ਹੀ ਕੋਸ਼ਿਸ਼ ਵਿੱਚ ਆਲ ਇੰਡੀਆ 51ਵਾਂ ਰੈਂਕ ਪ੍ਰਾਪਤ ਕੀਤਾ। ਖੇਤੀ ਮੰਤਰੀ ਨੇ ਕਿਹਾ ਕਿ ਪਿੰਡ ਮਦਨਪੁਰ ਦੀ ਰਹਿਣ ਵਾਲੀ, ਇਸ ਬੱਚੀ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀਆਂ ਧੀਆਂ ਹਰ ਖੇਤਰ ਵਿੱਚ ਉੱਤਮ ਹਨ ਅਤੇ ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਸਭ ਤੋਂ ਉੱਚੇ ਮੀਲ ਪੱਥਰ ਪ੍ਰਾਪਤ ਕਰਨ ਦੇ ਸਮਰੱਥ ਹਨ।

ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਇੱਕ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਸਰਕਾਰ ਬਿਹਤਰ ਵਿਦਿਅਕ ਮੌਕੇ ਯਕੀਨੀ ਬਣਾ ਰਹੀ ਹੈ ਅਤੇ ਹਰ ਸੰਭਵ ਸਹਾਇਤਾ ਅਤੇ ਸਹੂਲਤਾਂ ਪ੍ਰਦਾਨ ਕਰ ਰਹੀ ਹੈ ਤਾਂ ਜੋ ਪੰਜਾਬ ਦੇ ਨੌਜਵਾਨ ਆਪਣੀ ਪਸੰਦ ਦੇ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰ ਸਕਣ ਅਤੇ ਰਾਜ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ।

ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਰਸਨੀਤ ਕੌਰ ਨੇ ਹਲਕਾ ਘਨੌਰ ਸਮੇਤ ਸਾਰੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਵਿਧਾਇਕ ਗੋਲਡੀ ਕੰਬੋਜ ਨੇ ਕਿਹਾ ਕਿ ਬੱਚੀ ਨੇ ਵਕਾਰੀ ਪ੍ਰੀਖਿਆ ਪਾਸ ਕਰਕੇ ਕੰਬੋਜ ਭਾਈਚਾਰੇ ਦਾ ਮਾਣ ਵਧਾਇਆ ਹੈ।

ਇਸ ਦੌਰਾਨ ਤਾਇਆ ਬਲਜਿੰਦਰ ਸਿੰਘ, ਦਾਦਾ ਗੁਰਦਿਆਲ ਸਿੰਘ, ਦਾਦੀ ਪ੍ਰੀਤਮ ਕੌਰ, ਭਰਾ ਜਗਦੀਪ ਸਿੰਘ, ਯੂਜੀਸੀ ਪਾਸ ਭੈਣ ਜਸਕਿਰਨ ਕੌਰ ਅਤੇ ਹੋਰ ਪਰਿਵਾਰਕ ਮੈਂਬਰ ਤੇ ਸਹਿਜਪਾਲ ਸਿੰਘ ਲਾਡਾ ਵੀ ਹਾਜ਼ਰ ਸਨ।

# ਇੱਕ ਮਿੱਥ ਦਾ ਟੁੱਟਣਾ !

**ਯਸ਼ਪਾਲ**

ਗੱਲ ਦਸੰਬਰ 1997 ਦੀ ਹੈ। ਘਟਨਾ ਹੈ ਦਿੱਲੀ ਦੀ। ਦਿੱਲੀ ਵਿਖੇ ਆਯੋਜਿਤ 'ਉੱਤਰੀ ਭਾਰਤ ਜ਼ੋਨ ਵਿਗਿਆਨ ਪ੍ਰਦਰਸ਼ਨੀ' ਦਾ ਮੌਕਾ ਸੀ। ਇਹ ਘਟਨਾ ਨਿਰੋਲ ਪੇਂਡੂ ਸਕੂਲਾਂ ਦੇ ਆਪਣੀ ਮਾਂ-ਬੋਲੀ ਦੇ ਮਾਧਿਅਮ ਵਾਲੇ ਦੇਸੀ ਵਿਦਿਆਰਥੀਆਂ ਅਤੇ ਮਹਾਂਨਗਰ ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਦੇ ਚੋਟੀ ਦੇ ਮਾਡਲ/ਕੌਨਵੈਂਟ ਸਕੂਲਾਂ ਦੇ ਅੰਗਰੇਜ਼ੀ ਮਾਧਿਅਮ ਵਾਲੇ ਸ਼ਹਿਰੀ ਵਿਦਿਆਰਥੀਆਂ ਦੇ ਹੋਏ ਮੁਕਾਬਲਿਆਂ ਨਾਲ ਜੁੜੀ ਹੈ। ਉਸ ਸਮੇਂ ਮੈਂ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿੱਚ ਸਰਕਾਰੀ ਸੈਕੰਡਰੀ ਸਕੂਲ ਖਮਾਣੋਂ ਕਲਾਂ ਵਿਖੇ ਬਤੌਰ ਸਾਇੰਸ ਅਧਿਆਪਕ ਸੇਵਾ ਨਿਭਾਅ ਰਿਹਾ ਸੀ। ਟਰੇਡ ਯੂਨੀਅਨ ਸਰਗਰਮੀਆਂ ਦੇ ਭਾਰੀ ਰੁਝੇਵਿਆਂ ਦੇ ਬਾਵਜੂਦ ਮੈਂ ਆਪਣੇ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ਾ ਪੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦਾ ਨਜ਼ਰੀਆ ਵਿਗਿਆਨਕ ਬਣਾਉਣ ਅਤੇ ਉਨ੍ਹਾਂ ਨੂੰ ਵਿਗਿਆਨਕ ਪ੍ਰਦਰਸ਼ਨੀਆਂ 'ਚ ਭਾਗ ਲੈਣ ਲਈ ਪ੍ਰੇਰਿਤ ਕਰਨ 'ਚ ਡੂੰਘੀ ਦਿਲਚਸਪੀ ਲੈਂਦਾ ਸੀ। ਸਕੂਲ ਦੇ ਸਾਇੰਸ ਨਾਲ ਜੁੜੇ ਹੋਰ ਅਧਿਆਪਕ ਵੀ ਇਸ ਵਿੱਚ ਸਹਾਈ ਹੁੰਦੇ ਸਨ। ਸਕੂਲ ਦੇ ਉਸ ਸਮੇਂ ਦੇ ਪ੍ਰਿੰਸੀਪਲ ਬਲੌਰ ਸਿੰਘ ਵੀ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਕਾਰਜ ਲਈ ਪੂਰੀ ਹੱਲਾਸ਼ੇਰੀ ਦਿੰਦੇ ਸਨ। ਇਸ ਸਦਕਾ ਖਮਾਣੋਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਣਾਏ ਗਏ ਕਈ ਮਾਡਲ ਹਰ ਸਾਲ ਰਾਜ ਪੱਧਰ ਦੀ ਪ੍ਰਦਰਸ਼ਨੀ 'ਚ ਪਹੁੰਚ ਕੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਦੇ ਸਨ। ਰਾਜ ਪੱਧਰ ਦੀ ਪ੍ਰਦਰਸ਼ਨੀ 'ਚੋਂ ਜਿੱਥੇ ਕੌਮੀ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਲਈ ਮਾਡਲ ਚੁਣੇ ਜਾਂਦੇ ਹਨ, ਉੱਥੇ ਹਰ ਸਾਲ ਦਿੱਲੀ ਵਿਖੇ ਹੋਣ ਵਾਲੇ 'ਉੱਤਰੀ ਭਾਰਤ ਜ਼ੋਨ ਪ੍ਰਦਰਸ਼ਨੀ' ਮੁਕਾਬਲੇ ਲਈ ਵੀ ਪੰਜ ਮਾਡਲਾਂ ਦੀ ਵੱਖਰੀ ਚੋਣੀ ਕੀਤੀ ਜਾਂਦੀ ਸੀ ਤੇ ਸਾਲ 1997 'ਚ ਖਮਾਣੋਂ ਸਕੂਲ ਦੇ ਵਿਦਿਆਰਥੀਆਂ ਦਾ ਇੱਕ ਮਾਡਲ ਵੀ ਇਨ੍ਹਾਂ ਚੁਣੇ ਗਏ ਮਾਡਲਾਂ ਵਿੱਚੋਂ ਇੱਕ ਸੀ। ਮਾਡਲ ਸੀ- ਐੱਫ.ਐੱਮ. ਰੇਡੀਓ ਸਟੇਸ਼ਨ ਦਾ ਵਰਕਿੰਗ ਮਾਡਲ। ਬਣਾਉਣ ਵਾਲਾ ਵਿਦਿਆਰਥੀ ਖਮਾਣੋਂ ਦਾ ਹੀ ਚੰਦਨ ਵਰਮਾ ਉਰਫ਼ ਚੰਨੀ ਸੀ ਤੇ ਇਸ ਮਾਡਲ ਨੂੰ ਬਣਾਉਣ ਵਿੱਚ ਅਗਵਾਈ ਦੇਣ ਤੇ ਸਹਾਈ ਹੋਣ ਵਾਲਾ ਖਮਾਣੋਂ ਦਾ ਹੀ ਸਾਬਕਾ ਵਿਦਿਆਰਥੀ ਜਸਪਾਲ ਸਿੰਘ ਉਰਫ਼ ਪਾਲੀ ਸੀ, ਜਿਸ ਦੇ ਬਣਾਏ ਹੋਏ ਮਾਡਲ ਵੀ ਰਾਜ ਪੱਧਰ ਦੀਆਂ ਪ੍ਰਦਰਸ਼ਨੀਆਂ 'ਚੋਂ ਅੱਵਲ ਆਉਂਦੇ ਰਹੇ ਸਨ।

ਰੈੱਡ ਕਰਾਸ ਭਵਨ, ਦਿੱਲੀ ਵਿਖੇ ਆਯੋਜਿਤ ਇਸ ਪ੍ਰਦਰਸ਼ਨੀ 'ਚ ਸ਼ਾਮਲ ਹੋਣ ਲਈ ਮਾਡਲ ਬਣਾਉਣ ਵਾਲੇ ਵਿਦਿਆਰਥੀ ਚੰਦਨ ਵਰਮਾ, ਸਹਾਇਕ ਜਸਪਾਲ ਸਿੰਘ ਨਾਲ ਮੈਂ ਤੇ ਮੇਰਾ ਇੱਕ ਸਾਥੀ ਸਾਇੰਸ ਅਧਿਆਪਕ ਕੁਲਦੀਪ ਸਿੰਘ ਗਏ ਸਾਂ। ਪੰਜਾਬ ਤੋਂ ਬਿਨਾਂ ਹੋਰਨਾਂ ਛੇ ਰਾਜਾਂ (ਦਿੱਲੀ, ਹਰਿਆਣਾ, ਹਿਮਾਚਲ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਜੰਮੂ-ਕਸ਼ਮੀਰ) ਦੇ ਵੀ ਪੰਜ-ਪੰਜ ਚੁਣੇ ਹੋਏ ਮਾਡਲ ਸਨ। ਜਿੱਥੇ ਖਮਾਣੋਂ ਸਕੂਲ ਦੇ ਵਿਦਿਆਰਥੀਆਂ ਦਾ ਮਾਡਲ ਪ੍ਰਦਰਸ਼ਨੀ ਲਈ ਰੱਖਿਆ ਹੋਇਆ ਸੀ, ਉੱਥੇ ਨਾਲ ਹੀ ਦਿੱਲੀ ਦੇ ਇੱਕ ਚੋਟੀ ਦੇ ਸਕੂਲ ਦੇ ਵਿਦਿਆਰਥੀਆਂ ਦਾ ਮਾਡਲ ਸੀ। ਪ੍ਰਦਰਸ਼ਨੀ 'ਚ ਹੋਰ ਵੀ ਕਈ ਵੱਡੇ ਸ਼ਹਿਰਾਂ ਦੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦੇ ਮਾਡਲ ਸਨ।

ਜਦੋਂ ਪ੍ਰਦਰਸ਼ਨੀ ਨੂੰ ਆਮ ਲੋਕ ਤੇ ਵਿਦਿਆਰਥੀ ਦੇਖਣ ਲਈ ਆਉਂਦੇ ਸਨ ਤਾਂ ਸਾਡੇ ਵਿਦਿਆਰਥੀ ਨਿਰੋਲ ਪੇਂਡੂ ਪਿਛੋਕੜ ਵਾਲੇ ਹੋਣ ਕਰਕੇ ਆਪਣੇ ਮਾਡਲ ਬਾਰੇ ਆਪਣੀ ਮਾਂ-ਬੋਲੀ ਪੰਜਾਬੀ 'ਚ ਤਾਂ ਪੂਰੀ ਤਰ੍ਹਾਂ ਸਮਝਾਉਂਦੇ ਸਨ ਪਰ ਹਿੰਦੀ ਉਨ੍ਹਾਂ ਦੀ ਜ਼ੁਬਾਨ 'ਤੇ ਨਹੀਂ ਸੀ ਚੜ੍ਹਦੀ। ਪੂਰੀ ਤਰ੍ਹਾਂ ਅੰਗਰੇਜ਼ੀ 'ਚ ਸਮਝਾਉਣਾ ਤਾਂ ਉਨ੍ਹਾਂ ਲਈ ਦੂਰ ਦੀ ਗੱਲ ਸੀ। ਉਹ ਆਪਣੇ ਮਾਡਲ ਬਾਰੇ ਪੂਰੀ ਜਾਣਕਾਰੀ ਰੱਖਦੇ ਸਨ ਕਿਉਂਕਿ ਮਾਡਲ ਉਨ੍ਹਾਂ ਦੇ ਆਪਣੇ ਹੱਥੀਂ ਟੁੱਟੀਆਂ-ਫੁੱਟੀਆਂ, ਫਾਲਤੂ ਸੁੱਟੀਆਂ ਹੋਈਆਂ ਵਸਤਾਂ/ਪੁਰਜ਼ਿਆਂ ਨਾਲ ਤਿਆਰ ਕੀਤਾ ਹੋਇਆ ਸੀ। ਇਹ ਸੀ ਵੀ ਵਰਕਿੰਗ ਮਾਡਲ ਜੋ ਉਨ੍ਹਾਂ ਨੇ ਪਹਿਲਾਂ ਆਪਣੇ ਪਿੰਡ ਖਮਾਣੋਂ ਵਿੱਚ ਚਲਾ ਕੇ ਟੈਸਟ ਕਰਕੇ ਲਿਆਂਦਾ ਸੀ। ਇੱਥੇ ਦਿੱਲੀ 'ਚ ਉਸ ਰਾਹੀਂ ਦਿੱਲੀ ਐੱਫ.ਐੱਮ. ਰੇਡੀਓ ਸਟੇਸ਼ਨ ਦੇ ਪ੍ਰੋਗਰਾਮ ਨੂੰ ਸਾਫ਼ ਤੇ ਸਪੱਸ਼ਟ



ਸੁਣਿਆ ਜਾ ਸਕਦਾ ਸੀ। ਮਾਡਲ ਦੀ ਕਾਰਜ ਵਿਧੀ ਪਿੱਛੇ ਕੰਮ ਕਰਦੇ ਸਿਧਾਂਤ ਆਦਿ ਬਾਰੇ ਵਿਦਿਆਰਥੀਆਂ ਨੂੰ ਮੈਂ ਲੋੜੀਂਦੀ ਜਾਣਕਾਰੀ ਸਮਝਾਈ ਹੋਈ ਸੀ।

ਦੂਜੇ ਪਾਸੇ ਸਾਡੇ ਨਾਲ ਲਗਵੇਂ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਦੇ ਮਾਡਲ ਬਾਰੇ ਵਿਦਿਆਰਥੀ ਤੇਜ਼-ਤਰਾਰ ਅੰਗਰੇਜ਼ੀ 'ਚ ਰਟੇ ਹੋਏ ਭਾਸ਼ਣ ਵਾਂਗ ਸਮਝਾ ਰਹੇ ਸਨ। ਸਿਧਾਂਤ ਦੀ ਵਿਆਖਿਆ ਕਰ ਰਹੇ ਸਨ। ਸਾਡੇ ਵਿਦਿਆਰਥੀਆਂ ਨੂੰ ਜਾਪ ਰਿਹਾ ਸੀ ਕਿ ਉਹ ਵਿਆਖਿਆ ਕਰਨ ਪੱਖੋਂ ਪਛੜ ਜਾਣਗੇ। ਸਾਨੂੰ ਵੀ ਇਹ ਖਦਸ਼ਾ ਸੀ ਪਰ ਫਿਰ ਵੀ ਸਾਡੇ ਲਈ ਇੱਕ ਨਿਰੋਲ ਪੇਂਡੂ ਸਕੂਲ ਦੇ ਮਾਡਲ ਦਾ ਕੌਮੀ ਪੱਧਰ ਦੇ ਕਿਸੇ ਮੁਕਾਬਲੇ ਲਈ ਚੁਣੇ ਜਾਣਾ ਹੀ ਭਾਰੀ ਤਸੱਲੀ ਵਾਲੀ ਗੱਲ ਸੀ।

ਜਜਮੈਂਟ ਵਾਲੇ ਦਿਨ ਸਾਨੂੰ ਧੁੜਕੂ ਹੀ ਲੱਗਿਆ ਰਿਹਾ। ਜਜਮੈਂਟ ਕਿਸ ਨੇ ਕਰਨੀ ਹੈ, ਇਹ ਕਿਸੇ ਨੂੰ ਨਹੀਂ ਸੀ ਪਤਾ। ਫਿਰ ਅਸੀਂ ਅੰਦਾਜ਼ਾ ਲਾਇਆ ਕਿ ਪ੍ਰਦਰਸ਼ਨੀ ਲਈ ਰੱਖੇ ਗਏ ਮਾਡਲਾਂ ਬਾਰੇ ਹੱਥਾਂ 'ਚ ਫਾਈਲਾਂ ਫੜੀ ਕੁਝ ਪੜ੍ਹੇ-ਲਿਖੇ ਪ੍ਰੋਫ਼ੈਸਰ ਟਾਈਪ ਬੰਦੇ ਵਿਦਿਆਰਥੀਆਂ ਤੋਂ ਪੁੱਛ-ਪੜਤਾਲ ਕਰ ਰਹੇ ਸਨ। ਪਹਿਲਾਂ ਇੱਕ ਆਇਆ, ਫਿਰ ਦੂਜਾ ਤੇ ਫਿਰ ਤੀਜਾ। ਸਾਨੂੰ ਲੱਗਿਆ ਕਿ ਇਹੋ ਹੀ ਜੱਜ ਹੋਣਗੇ। ਹੇਠਾਂ ਰਾਜ ਪੱਧਰੀ ਪ੍ਰਦਰਸ਼ਨੀ 'ਚ ਜੱਜਾਂ ਦੀ ਤਿੰਨ ਮੈਂਬਰੀ ਟੀਮ ਇਕੱਠੀ ਮਿਲ ਕੇ ਮਾਡਲਾਂ ਦਾ ਨਿਰੀਖਣ ਕਰਦੀ ਹੈ ਪਰ ਬਾਅਦ 'ਚ ਸਾਨੂੰ ਪਤਾ ਲੱਗਿਆ ਕਿ ਇੱਥੇ ਇਕੱਲਾ-ਇਕੱਲਾ ਜੱਜ ਆਪੋ-ਆਪਣੀ ਜਜਮੈਂਟ ਪਹਿਲਾਂ ਵੱਖਰੀ ਕਰਦਾ ਹੈ ਤੇ ਫਿਰ ਉਹ ਮਿਲ ਕੇ ਅੰਤਿਮ ਫ਼ੈਸਲਾ ਲੈਂਦੇ ਹਨ। ਇਹ ਵੀ ਪਤਾ ਲੱਗਿਆ ਕਿ ਜਜਮੈਂਟ ਕਰਨ ਵਾਲੇ ਦਿੱਲੀ ਯੂਨੀਵਰਸਿਟੀ, ਜੇ.ਐੱਨ.ਯੂ. ਤੇ ਐੱਨ.ਸੀ.ਈ.ਆਰ.ਟੀ. ਦੇ ਵਿਗਿਆਨ ਦੇ ਪ੍ਰੋਫ਼ੈਸਰ ਸਨ।

ਇਸ ਮੌਕੇ ਜਦ ਇੱਕ ਜੱਜ ਵੱਲੋਂ ਸਾਡੇ ਮਾਡਲ ਨੂੰ ਦੇਖਣ ਤੋਂ ਬਾਅਦ ਸਾਡੇ ਵਿਦਿਆਰਥੀਆਂ ਤੋਂ ਸੁਆਲ ਪੁੱਛੇ ਜਾ ਰਹੇ ਸਨ ਤਾਂ ਅਸੀਂ ਵੀ ਉੱਥੇ ਨਾਲ ਹੀ ਖੜ੍ਹੇ ਸਾਂ। ਇਸ ਤੋਂ ਪਹਿਲਾਂ ਸਾਡੇ ਨਾਲ ਵਾਲੇ ਦਿੱਲੀ ਦੇ ਮਾਡਲ ਸਕੂਲ ਦੇ ਵਿਦਿਆਰਥੀਆਂ ਤੋਂ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਨੇ ਬੜੀ ਤੇਜ਼-ਤਰਾਰ ਅੰਗਰੇਜ਼ੀ 'ਚ ਦਿੱਤੇ ਪਰ ਸਾਡੇ ਵਿਦਿਆਰਥੀ ਨੇ ਜਿੰਨਾ ਕੁ ਉਨ੍ਹਾਂ ਨੂੰ ਗਿਆਨ ਸੀ ਉਸ ਮੁਤਾਬਕ ਉਨ੍ਹਾਂ ਨੇ ਆਪਣੀ ਭਾਸ਼ਾ ਪੰਜਾਬੀ ਵਿੱਚ ਤੇ ਨਾਲ ਟੁੱਟੀ-ਫੁੱਟੀ ਹਿੰਦੀ 'ਚ ਦੱਸਿਆ। ਜਦ ਸਾਡੇ ਵਿਦਿਆਰਥੀ ਮਾਡਲ ਦੇ ਇਕੱਲੇ-ਇਕੱਲੇ ਪੁਰਜ਼ੇ/ਹਿੱਸੇ ਬਾਰੇ ਦੱਸ ਰਹੇ ਸਨ ਤਾਂ ਨਿਰੀਖਣ ਕਰ ਰਹੇ ਜੱਜ ਨੇ ਪੁੱਛਿਆ, ''ਤੁਸੀਂ ਇਹ ਮਾਡਲ ਬਣਾਇਆ ਕਿਵੇਂ ਹੈ ? ਤੇ ਕੀ ਤੁਸੀਂ ਇਹ ਮਾਡਲ ਖ਼ੁਦ ਆਪਣੇ ਹੱਥੀਂ ਬਣਾਇਆ ਹੈ ?'' ਕਿਉਂਕਿ ਇਨ੍ਹਾਂ ਵਿਗਿਆਨ ਪ੍ਰਦਰਸ਼ਨੀ ਮੁਕਾਬਲਿਆਂ 'ਚ ਜਜਮੈਂਟ ਕਰਨ ਸਮੇਂ ਵਿਦਿਆਰਥੀਆਂ ਵਲੋਂ ਆਪਣੇ ਹੱਥੀਂ ਮਾਡਲ ਬਣਾਉਣ ਤੇ ਨਵੀਂ ਦੇਸੀ ਵਿਧੀ ਦੀ ਕਾਢ ਕੱਢਣ ਦੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ। ਇਸ ਸੁਆਲ ਦੇ ਜੁਆਬ 'ਚ ਸਾਡੇ ਵਿਦਿਆਰਥੀਆਂ ਨੇ ਸਿਰਫ਼ ਇੰਨਾ ਹੀ ਜੁਆਬ ਦਿੱਤਾ ਤੇ ਕਿਹਾ, ''ਸਰ ਤੁਸੀਂ ਇੰਜ ਕਰੋ, ਸਾਡੇ ਇਸ ਮਾਡਲ ਨੂੰ ਸਾਰੇ ਨੂੰ ਤੋੜ ਦਿਓ। ਖੋਲ੍ਹ ਦਿਓ ਅਤੇ ਸਾਥੋਂ ਮੁੜ ਦਸ ਮਿੰਟਾਂ ਬਾਅਦ ਇਉਂ ਹੀ ਤਿਆਰ ਕੀਤਾ ਲੈ ਲਿਓ।'' ਮੈਂ ਤੇ ਮੇਰਾ ਸਾਥੀ ਅਧਿਆਪਕ ਵਿਦਿਆਰਥੀਆਂ ਦੇ ਇਸ ਜੁਆਬ ਤੋਂ ਬੜੇ ਖ਼ੁਸ਼ ਹੋਏ ਤੇ ਸੰਤੁਸ਼ਟ ਸੀ ਤੇ ਜਾਪਿਆ ਕਿ ਜੱਜ ਵੀ ਪ੍ਰਭਾਵਿਤ ਸੀ।

ਅਖੀਰਲੇ ਦਿਨ ਨਤੀਜੇ ਦਾ ਐਲਾਨ ਹੋਣਾ ਸੀ ਅਤੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਕੁੱਲ 10 ਮਾਡਲਾਂ (ਚੌਥੇ ਸਥਾਨ ਵਾਲੇ 4, ਤੀਜੇ ਸਥਾਨ ਵਾਲੇ 3, ਦੂਜੇ ਸਥਾਨ ਵਾਲੇ 2 ਅਤੇ ਪਹਿਲਾ ਸਥਾਨ ਹਾਸਲ ਕਰਨ ਵਾਲੇ ਇੱਕ ਮਾਡਲ ਨੂੰ) ਅਤੇ ਵਿਦਿਆਰਥੀਆਂ ਨੂੰ ਸਨਮਾਨਤ ਕਰਨਾ ਸੀ। ਉਸ ਦਿਨ ਅਸੀਂ ਮੱਧਮ ਜਿਹੀ ਆਸ ਨਾਲ ਸਮਾਗਮ ਹਾਲ 'ਚ ਪਹੁੰਚੇ ਕਿ ਸ਼ਾਇਦ ਇਨ੍ਹਾਂ ਦਸਾਂ ਸਥਾਨਾਂ ਵਿੱਚੋਂ ਹੇਠਾਂ ਕਿਤੇ ਸਾਡੇ ਮਾਡਲ ਦਾ ਵੀ ਨੰਬਰ ਲੱਗ ਜਾਏ। ਸਮਾਗਮ ਦੇ ਮੁੱਖ ਮਹਿਮਾਨ ਭਾਰਤ ਦੇ ਉੱਘੇ ਵਿਗਿਆਨੀ ਪ੍ਰੋ. ਯਸ਼ਪਾਲ ਸਨ। ਸਮਾਗਮ ਦੀਆਂ ਰਸਮੀ ਕਾਰਵਾਈਆਂ ਤੋਂ ਬਾਅਦ ਮੰਚ ਤੋਂ ਪਹਿਲੇ ਸਥਾਨ ਹਾਸਲ ਕਰਨ ਵਾਲੇ ਮਾਡਲਾਂ, ਵਿਦਿਆਰਥੀਆਂ, ਸਕੂਲਾਂ ਤੇ ਰਾਜਾਂ ਬਾਰੇ ਐਲਾਨ ਹੋਣ ਲੱਗਿਆ। ਪਹਿਲਾਂ ਚਲਦੀ ਵਿਧੀ ਮੁਤਾਬਕ ਸਭ ਤੋਂ ਪਹਿਲਾਂ ਚੌਥੇ ਸਥਾਨ 'ਤੇ ਰਹਿਣ ਵਾਲੇ ਚਾਰ ਮਾਡਲਾਂ ਦਾ ਐਲਾਨ ਕੀਤਾ ਗਿਆ। ਸਾਡੇ ਵਿਦਿਆਰਥੀਆਂ ਦੇ ਮਾਡਲ ਇਨ੍ਹਾਂ ਵਿੱਚ ਨਹੀਂ ਸੀ। ਸਾਨੂੰ ਤੇ ਵਿਦਿਆਰਥੀਆਂ ਨੂੰ ਕੁਝ ਨਿਰਾਸ਼ਾ ਹੋਈ ਕਿ ਸਾਡਾ ਮਾਡਲ ਹੇਠਲੇ ਚਾਰਾਂ ਵਿੱਚ ਵੀ ਨਹੀਂ ਆਇਆ ਕਿਉਂਕਿ ਉਪਰਲਿਆਂ 'ਚ ਆਉਣ ਦੀ ਸਾਨੂੰ ਆਸ ਵੀ ਘੱਟ ਹੀ ਸੀ। ਫਿਰ ਤੀਜੇ ਸਥਾਨ 'ਤੇ ਰਹਿਣ ਵਾਲੇ ਤਿੰਨ ਮਾਡਲਾਂ ਬਾਰੇ ਦੱਸਿਆ ਗਿਆ। ਸਾਡੇ ਵਿਦਿਆਰਥੀਆਂ ਦਾ ਮਾਡਲ ਇੱਥੋਂ ਵੀ ਗਾਇਬ ਸੀ। ਸਾਡੀ ਆਸ ਖ਼ਤਮ ਹੋ ਚੱਲੀ। ਦੂਜਾ ਸਥਾਨ ਹਾਸਲ ਕਰਨ ਵਾਲੇ ਦੋ ਮਾਡਲਾਂ ਦੇ ਐਲਾਨ ਨੂੰ ਅਸੀਂ ਬਹੁਤ ਧਿਆਨ ਨਾਲ ਸੁਣਿਆ ਵੀ ਨਾ। ਤੇ ਫਿਰ ਅਖੀਰ 'ਚ ਪਹਿਲੇ ਸਥਾਨ 'ਤੇ ਰਹਿਣ ਵਾਲੇ ਇੱਕੋ ਮਾਡਲ ਦਾ ਐਲਾਨ ਹੋਣਾ ਸੀ ਤਾਂ ਸਾਡੇ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਕਿ ਚਲੋ ਦੇਖੀਏ ਅੱਵਲ ਕਿਹੜਾ ਮਾਡਲ ਰਹੇਗਾ।

ਪਰ ਸਾਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਹੀਂ ਸੀ ਆ ਰਿਹਾ ਜਦ ਅਸੀਂ ਐਲਾਨ ਸੁਣਿਆ ਕਿ ਸਾਰੇ ਉੱਤਰੀ ਭਾਰਤ ਜ਼ੋਨ ਦੇ ਸੱਤ ਰਾਜਾਂ ਦੇ ਕੁੱਲ 35 ਮਾਡਲਾਂ ਵਿੱਚੋਂ ਅੱਵਲ ਰਹਿਣ ਵਾਲਾ ਇੱਕੋ-ਇੱਕ ਮਾਡਲ ਪੰਜਾਬ ਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਮਾਣੋਂ ਕਲਾਂ (ਫ਼ਤਿਹਗੜ੍ਹ ਸਾਹਿਬ) ਦੇ ਵਿਦਿਆਰਥੀ ਚੰਦਨ ਵਰਮਾ ਦਾ ਹੈ।

ਸਾਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਉਂ ਵੀ ਹੋ ਸਕਦਾ ਹੈ। ਤੇ ਇਹ ਸੁਣ ਕੇ ਪਹਿਲਾਂ ਨਿਰਾਸ਼ਾ 'ਚ ਸਿਰ ਸੁੱਟ ਕੇ ਬੈਠੇ ਸਾਡੇ ਵਿਦਿਆਰਥੀ ਖ਼ੁਸ਼ੀ ਨਾਲ ਲੱਗੇ ਨੱਚਣ ਤੇ ਪੁੱਠੀਆਂ ਛਾਲਾਂ ਮਾਰਨ। ਇਹ ਸੋਚ ਕਿ ਉਨ੍ਹਾਂ ਪੇਂਡੂ ਵਿਦਿਆਰਥੀਆਂ ਨੇ ਮਹਾਂਨਗਰ ਦਿੱਲੀ ਤੇ ਹੋਰ ਸ਼ਹਿਰੀ ਅੰਗਰੇਜ਼ੀ ਵਿਦਿਆਰਥੀਆਂ ਨੂੰ ਮਾਤ ਦੇ ਦਿੱਤੀ ਹੈ। ਸਾਨੂੰ ਅਧਿਆਪਕਾਂ ਨੂੰ ਵੀ ਇਹ ਇੱਕ 'ਮਿੱਥ' ਟੁੱਟੀ ਜਾਪ ਰਹੀ ਸੀ ਕਿ ਅੰਗਰੇਜ਼ੀ ਮਾਧਿਅਮ ਵਾਲੇ ਸ਼ਹਿਰੀ ਬੱਚੇ ਆਪਣੀ ਮਾਂ-ਬੋਲੀ ਮਾਧਿਅਮ ਵਾਲੇ ਦੇਸੀ ਪੇਂਡੂ ਬੱਚਿਆਂ ਨਾਲੋਂ ਵਧੇਰੇ ਬੁੱਧੀਮਾਨ, ਹੁਸ਼ਿਆਰ ਤੇ ਸਿਰਜਣਸ਼ੀਲ ਹੁੰਦੇ ਹਨ। ਸਾਡੀ ਇਹ ਧਾਰਨਾ ਵੀ ਪੱਕੀ ਹੋਈ ਕਿ ਜੇ ਵਿਹਾਰਕ ਪੇਂਡੂ ਜੀਵਨ ਨਾਲ ਨੇੜਿਓਂ ਜੁੜੇ ਬੱਚਿਆਂ ਨੂੰ ਵੀ ਯੋਗ ਅਗਵਾਈ ਤੇ ਪ੍ਰੇਰਨਾ ਮਿਲੇ ਅਤੇ ਢੁਕਵੇਂ ਮੌਕੇ ਮੁਹੱਈਆ ਹੋਣ ਤਾਂ ਉਹ ਵਿਹਾਰਕ ਜੀਵਨ ਨਾਲੋਂ ਟੁੱਟੇ ਹੋਏ ਅੰਗਰੇਜ਼ੀ ਮਾਧਿਅਮ ਵਾਲੇ ਸ਼ਹਿਰੀ ਬੱਚਿਆਂ ਨੂੰ ਪਛਾੜ ਵੀ ਸਕਦੇ ਹਨ।

ਤੇ ਅਗਲੇ ਦਿਨ ਅਸੀਂ ਖ਼ੁਸ਼ੀ ਵਿੱਚ ਖੀਵੇ ਹੁੰਦਿਆਂ ਦਿੱਲੀ ਤੋਂ ਖਮਾਣੋਂ ਵੱਲ ਚਾਲੇ ਪਾ ਦਿੱਤੇ, ਜਿੱਥੇ ਜਾ ਕੇ ਉਨ੍ਹਾਂ ਵਿਦਿਆਰਥੀਆਂ ਅਤੇ ਸਾਡਾ ਅਧਿਆਪਕਾਂ ਦਾ ਸਕੂਲ, ਪਿੰਡ ਵਾਸੀਆਂ, ਪੰਚਾਇਤ ਤੇ ਮਾਪਿਆਂ ਵੱਲੋਂ ਭਰਪੂਰ ਸੁਆਗਤ ਕੀਤਾ ਗਿਆ। ਅਖ਼ਬਾਰਾਂ 'ਚ ਖ਼ਬਰਾਂ ਲੱਗੀਆਂ ਤੇ ਇੱਕ ਪੇਂਡੂ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਦਾ ਨਾਂ ਉੱਚਾ ਹੋਇਆ।

# ਧਰਤੀ ਦੇ ਰਹੱਸ

**- ਗੁਰਦੀਪ ਸਿੰਘ ਦੌਲਾ**

ਧਰਤੀ ਦੀ ਉਮਰ ਤਕਰੀਬਨ ਪੰਜ ਸੌ ਕਰੋੜ ਵਰ੍ਹੇ ਹੈ। ਪੁਰਾਤਨ ਸਮੇਂ ਵਿਚ ਵਿਗਿਆਨੀ ਮੰਨਦੇ ਸਨ ਕਿ ਦੂਜੇ ਗ੍ਰਹਿ ਧਰਤੀ ਦੁਆਲੇ ਚੱਕਰ ਕੱਟਦੇ ਹਨ। ਭਾਰਤ ਦੇ ਮਹਾਨ ਤਾਰਾ ਵਿਗਿਆਨੀ ਆਰਿਆ ਭੱਟ ਨੇ ਦੱਸਿਆ ਕਿ ਧਰਤੀ ਗੋਲਾਕਾਰ ਹੈ ਤੇ ਇਹ ਆਪਣੇ ਧੁਰੇ ਦੁਆਲੇ ਚੱਕਰ ਕੱਟਦੀ ਹੈ। ਪਵਿੱਤਰ ਗ੍ਰੰਥ ਬਾਈਬਲ ਤੇ ਕੁਰਾਨ ਧਰਤੀ ਨੂੰ ਚਪਟੀ ਪਲੇਟ ਦਰਸਾਉਂਦੇ ਹਨ। ਇਕ ਸਧਾਰਨ ਮਾਨਵ ਵੀ ਧਰਤੀ ਨੂੰ ਪੱਧਰੀ ਧਰਾਤਲੀ ਚੱਟਾਨ ਵਾਂਗ ਦੇਖਦਾ ਹੋਵੇਗਾ। ਪ੍ਰਸਿੱਧ ਤਾਰਾ ਮੰਡਲ ਵਿਗਿਆਨੀ ਕੋਪਰਨਿਕਸ ਨੇ ਆਪਣੀ ਪੁਸਤਕ 'ਵੱਡੇ ਗ੍ਰਹਿਆਂ ਦੇ ਕੇਂਦਰ ਦੁਆਲੇ ਘੁੰਮਣ' ਵਿਚ ਜ਼ਿਕਰ ਕੀਤਾ ਹੈ ਕਿ ਧਰਤੀ ਆਪਣੀ ਧੁਰੀ ਦੁਆਲੇ ਪੱਛਮ ਤੋਂ ਪੂਰਬ ਵੱਲ ਚੌਵੀ ਘੰਟਿਆਂ ਵਿਚ ਚੱਕਰ ਪੂਰਾ ਕਰਦੀ ਹੈ ਤੇ ਧਰਤੀ ਗੋਲਾਕਾਰ ਹੈ। ਸੂਰਜ ਮੰਡਲ ਤੇ ਬਾਕੀ ਦੇ ਤਾਰਾਂ ਮੰਡਲਾਂ ਦੇ ਭੇਦ ਜਾਣਨਾ ਮਨੁੱਖੀ ਪਹੁੰਚ ਤੋਂ ਬਹੁਤ ਦੂਰ ਹੈ। ਗੁਰੂ ਨਾਨਕ ਦੇਵ ਜੀ ਨੇ ਲੱਖਾਂ ਧਰਤੀਆਂ, ਆਕਾਸ਼ ਤੇ ਪਤਾਲ ਹੋਣ ਦਾ ਖੁਲਾਸਾ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:

ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨਾ ਅੰਤ ॥

ਭਾਵ ਇਹ ਕਿ ਆਕਾਸ਼ੀ ਤਾਰਾ ਮੰਡਲਾਂ ਵਿਚ ਅਨੇਕਾਂ ਸੂਰਜ ਪਰਿਵਾਰ ਹਨ। ਪੂਰੇ ਬ੍ਰਹਿਮੰਡ ਵਿਚ ਅਣਗਿਣਤ ਗ੍ਰਹਿ ਹਨ। ਧਰਤੀ ਮਨੁੱਖ ਦਾ ਘਰ ਹੈ। ਇਸ ਮਨੁੱਖੀ ਘਰ ਸਬੰਧੀ ਆਮ ਮਨੁੱਖ ਦੇ ਮਨ ਵਿਚ ਅਨੇਕਾਂ ਸਵਾਲ ਹਨ। ਸਾਧਾਰਨ ਜਗਿਆਸੂ ਮਨੁੱਖ ਸੋਚਦਾ ਹੈ ਕਿ ਜੇ ਧਰਤੀ ਦਾ ਆਕਾਰ ਗੋਲ ਹੈ ਤਾਂ ਮਹਾਂਸਾਗਰਾਂ ਤੇ ਸਮੁੰਦਰਾਂ ਦਾ ਪਾਣੀ ਗੋਲਾਈਦਾਰ ਸਥਿਰ ਸਥਿਤੀ ਵਿਚ ਕਿਵੇਂ ਠਹਿਰ ਸਕਦਾ ਹੈ। ਧਰਤੀ ਆਪਣੀ ਧੁਰੀ ਦੁਆਲੇ ਅਤੇ ਸਾਲਾਨਾ ਪਥ 'ਤੇ ਕਿਸ ਬਲ (6ਰਗਫਕ) ਸਹਾਰੇ ਘੁੰਮ ਰਹੀ ਹੈ। ਭੂ-ਮੱਧ ਰੇਖਾ 'ਤੇ ਧਰਤੀ ਦੀ ਧੁਰੀ ਦੁਆਲੇ ਗਤੀ 1,038 ਮੀਲ ਪ੍ਰਤੀ ਘੰਟਾ ਹੈ। ਇਵੇਂ 45 ਡਿਗਰੀ ਵਿਥਕਾਰ 'ਤੇ ਇਹ ਗਤੀ 1120 ਕਿਲੋਮੀਟਰ ਪ੍ਰਤੀ ਘੰਟਾ ਹੈ। ਧਰੁਵਾਂ 'ਤੇ ਇਹ ਗਤੀ ਸਿਫਰ ਜਾਂ ਬਹੁਤ ਘੱਟ ਹੈ। ਧਰਤੀ ਦਾ 71 ਫੀਸਦੀ ਹਿੱਸਾ ਪਾਣੀ ਤੇ 29 ਫੀਸਦੀ ਭੂਮੀ ਹੈ। ਅਸਲ ਵਿਚ ਧਰਤੀ ਇਕ 'ਜਲ-ਗ੍ਰਹਿ' ਹੈ। ਧਰਤੀ ਆਪਣੇ ਸਾਲਾਨਾ ਪਥ (ਰਗਲਜਵ) ਜੋ 595 ਮਿਲੀਅਨ ਮੀਲ ਲੰਮਾ ਅੰਡਾਕਾਰ ਹੈ 'ਤੇ 18 ਮੀਲ ਪ੍ਰਤੀ ਸਕਿੰਟ ਦੀ ਗਤੀ ਜਾਂ 66,000 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਅੱਗੇ ਵਧ ਰਹੀ ਹੁੰਦੀ ਹੈ। ਇਸ ਦੇ ਬਾਵਜੂਦ ਧਰਤੀ ਉਪਰ ਮਹਾਂਸਾਗਰਾਂ ਦਾ ਪਾਣੀ ਤੇ ਮਨੁੱਖੀ ਕ੍ਰਿਤਾਂ (ਇਮਾਰਤਾਂ) ਸਥਿਰ ਰਹਿੰਦੇ ਹਨ।



ਧਰਤੀ ਪੂਰਨ ਗੋਲਾਕਾਰ ਨਹੀਂ ਸਗੋਂ ਚਪਟੇ ਧਰੁਵਾਂ ਵਾਲਾ ਲਗਪਗ ਗੋਲਾ (ਰਲ; ਹੈ। ਧਰਤੀ ਦੀ ਸ਼ਕਲ ਦੀ ਤੁਲਨਾ ਪਿਆਜ ਨਾਲ ਕੀਤੀ ਜਾ ਸਕਦੀ ਹੈ। ਧਰਤੀ ਦਾ ਇਹ ਆਕਾਰ ਧਰੁਵਾਂ ਦੁਆਲੇ ਬਹੁਤ ਤੇਜ਼ ਗਤੀ ਵਿਚ ਘੁਮਾਓ-ਬਲ ਕਾਰਨ ਬਣਿਆ ਹੈ। ਭੂ-ਮੱਧ ਰੇਖੀ ਘੇਰੇ ਦੀ ਲੰਬਾਈ 40,077 ਕਿਲੋਮੀਟਰ ਹੈ ਤੇ ਇਥੇ ਧਰਤੀ ਦੀ ਦੈਨਿਕ ਗਤੀ ਦੀ ਰਫ਼ਤਾਰ ਮਨੁੱਖੀ ਕਲਪਨਾ ਤੋਂ ਕਿਤੇ ਤੇਜ਼ ਹੈ। ਧਰਤੀ ਦਾ ਅੰਦਰੂਨੀ ਭਾਗ ਪਿਘਲੇ ਹੋਏ ਲਾਵੇ ਨਾਲ ਬਣਿਆ ਹੈ ਜਿਸ ਨੂੰ ਲੋਹ ਕਣਾਂ ਨਾਲ ਭਰਪੂਰ ਕਿਹਾ ਜਾ ਸਕਦਾ ਹੈ। ਲੋਹੇ ਦੇ ਗੁਣ ਅਧਿਕ ਤਾਪਮਾਨ ਅਤੇ ਘੱਟ ਤਾਪਮਾਨ 'ਤੇ ਬਹੁਤ ਭਿੰਨ ਹੁੰਦੇ ਹਨ। ਬਹੁਤੇ ਦਬਾਉ ਦੇ ਅਧਿਕ ਤਾਪਮਾਨ ਨਾਲ ਆਇਰਨ ਆਕਸਾਈਡ ਚੁੰਬਕੀ ਖੇਤਰ ਪੈਦਾ ਕਰਦਾ ਹੈ। ਮੰਨਿਆ ਜਾਂਦਾ ਹੈ ਕਿ ਧਰਤੀ ਦੀ ਗੁਰੂਤਾ-ਆਕਰਸ਼ਣ ਸ਼ਕਤੀ ਕਾਰਨ ਮਹਾਂਸਾਗਰਾਂ ਤੇ ਸਮੁੰਦਰਾਂ ਦਾ ਪਾਣੀ ਧਰਤੀ ਦੀ ਤੇਜ਼ ਦੈਨਿਕ ਤੇ ਸਾਲਾਨਾ ਗਤੀ ਦੇ ਬਾਵਜੂਦ ਧਰਤੀ ਨਾਲ ਸਥਿਰਤਾ ਬਣਾਈ ਰੱਖਦਾ ਹੈ। ਧਰਤੀ ਦੀਆਂ ਦੋਵੇਂ ਗਤੀਆਂ ਨੂੰ ਮਹਿਸੂਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਧਰਤੀ ਦੇ ਨਾਲ ਸੰਪੂਰਨ ਵਾਯੂ ਮੰਡਲ ਗਤੀਸ਼ੀਲ ਹੁੰਦਾ ਹੈ। ਧਰਤੀ ਦੇ ਧਰੁਵਾਂ ਤੋਂ ਚਪਟੀ ਹੋਣ ਦਾ ਕਾਰਨ ਸੂਰਜ ਤੇ ਚੰਦ ਦੀ ਗੁਰੂਤਾ-ਆਕਰਸ਼ਨ ਖਿੱਚ ਵੀ ਹੈ।

ਧਰਤੀ ਦੇ ਉੱਤਰੀ ਅਰਧ ਗੋਲੇ ਵਿਚ ਧਰਾਤਲੀ ਭੂ-ਭਾਗ ਦੀ ਮਾਤਰਾ ਜ਼ਿਆਦਾ ਹੈ। ਇਹ ਤੱਥ ਵੀ ਜ਼ਿਕਰਯੋਗ ਹੈ ਕਿ ਮਹਾਂਦੀਪੀ ਭਾਗਾਂ ਦੇ ਉਲਟ ਧਰਤੀ ਦੇ ਦੂਸਰੇ ਪਾਸੇ ਮਹਾਂਸਾਗਰੀ ਭਾਗ ਹਨ। ਧਰਤੀ ਦਾ ਆਕਾਰ (ਖੇਤਰਫਲ) 510 ਮਿਲੀਅਨ ਵਰਗ ਕਿਲੋਮੀਟਰ ਹੈ। ਇਸ ਦਾ ਵਜ਼ਨ (ਕੁਲ ਮਾਦੇ ਦਾ ਭਾਰ) 6.586 ?1018 ਟਨ ਹੈ। ਐਨੇ ਵਜ਼ਨ ਤੇ ਵੱਡੇ ਆਕਾਰ ਵਾਲੇ ਗ੍ਰਹਿ ਦੀ ਗੁਰੂਤਾ ਸ਼ਕਤੀ ਕਾਰਨ ਅਸੀਂ ਧਰਤੀ ਨਾਲ ਲੱਗੇ ਰਹਿੰਦੇ ਹਨ। ਧਰਤੀ 'ਤੇ ਮਹਾਂਸਾਗਰ, ਸਮੁੰਦਰ ਤੇ ਮਨੁੱਖੀ ਆਕ੍ਰਿਤੀਆਂ ਘੜੇ ਦੀ ਬਾਹਰੀ ਦੀਵਾਰ ਨਾਲ ਚਿੰਬੜੇ ਬਾਰੀਕ ਰੇਤ ਦੇ ਤੱਤਾਂ ਤੇ ਪਾਣੀ ਦੀਆਂ ਬੂੰਦਾਂ ਵਾਂਗ ਸਥਿਰ ਹਨ। ਧਰਤੀ ਆਪ ਇਕ ਚੁੰਬਕ ਵਾਂਗ ਹੈ ਜੋ ਹਰ ਵਸਤੂ ਨੂੰ ਆਪਣੇ ਵੱਲ ਖਿੱਚਦੀ ਹੈ। ਇਸੇ ਤਰ੍ਹਾਂ ਧਰਤੀ ਉਪਰ ਵਾਯੂ ਦਾ ਦਬਾਓ ਵੀ ਰਹਿੰਦਾ ਹੈ। ਇਕ ਅਨੁਮਾਨ ਮੁਤਾਬਕ ਹਰ ਵਿਅਕਤੀ 'ਤੇ ਛੇ ਕਿਲੋਗ੍ਰਾਮ ਵਜ਼ਨ ਦੇ ਬਰਾਬਰ ਵਾਯੂ ਦਾਬ ਰਹਿੰਦਾ ਹੈ। ਸਮੁੱਚੇ ਵਾਯੂ ਮੰਡਲ ਦੀ ਹਵਾ ਦਾ ਵਜ਼ਨ 500 ਕਰੋੜ ਟਨ ਹੈ। ਧਰਤੀ ਦੀ ਸਤਹਿ ਉਤੇ ਲਗਪਗ 1.03 ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਵਾਧੂ ਦਾਬ ਪੈਂਦਾ ਹੈ। ਇਹੀ ਵਾਧੂ ਦਬਾਅ ਧਰਤੀ ਨੂੰ ਜੀਵ-ਜੰਤੂਆਂ ਤੇ ਮਨੁੱਖਾਂ ਦੇ ਰਹਿਣਯੋਗ ਸਥਾਨ ਬਣਾਉਂਦਾ ਹੈ। ਹਵਾਈ ਜਹਾਜ਼ ਜਦੋਂ ਉਪਰਲੀਆਂ ਵਾਯੂ ਮੰਡਲੀ ਪਰਤਾਂ ਵਿਚ ਉਡਾਨ ਭਰਦਾ ਹੈ ਤਾਂ ਜਹਾਜ਼ ਅੰਦਰਲੇ ਵਾਯੂ ਦਾਬ ਨੂੰ ਨਿਯਮਤ ਸੀਮਾਂ 'ਤੇ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਧਰਤੀ ਦੇ ਭੂ-ਮੰਡਲ ਮਹਾਂਦੀਪੀ ਭਾਗਾਂ ਵਿਚ 50 ਕਿਲੋਮੀਟਰ ਮੋਟਾਈ ਵਾਲਾ ਹੈ। ਮਹਾਂਸਾਗਰਾਂ ਤੇ ਸਮੁੰਦਰਾਂ ਵਿਚ ਸਿਰਫ ਕੁਝ ਕੁ ਕਿਲੋਮੀਟਰ ਦੀ ਪਰਤ ਰਹਿ ਜਾਂਦੀ ਹੈ। ਧਰਤੀ ਦਾ ਅੰਦਰੂਨੀ ਭਾਗ ਕਿਹੋ ਜਿਹਾ ਹੋਵੇਗਾ। ਮਨੁੱਖ ਹਾਲੇ ਤੱਕ ਧਰਤੀ ਅੰਦਰ ਸੱਤ ਕਿਲੋਮੀਟਰ ਤਕ ਪਹੁੰਚ ਸਕਿਆ ਹੈ। ਧਰਤੀ ਦਾ ਭੂ-ਮੰਡਲੀ ਭਾਗ ਗਲੋਬ 'ਤੇ ਕਲਪਿਤ ਕਰੀਏ ਤਾਂ ਅੰਡੇ ਦੀ ਉਪਰੀ ਤਹਿ ਜਿੰਨਾ ਮੋਟਾ ਹੈ। ਇਵੇਂ ਜੇਕਰ ਸਮੁੰਦਰਾਂ ਤੇ ਮਹਾਂਸਾਗਰਾਂ ਦੇ ਪਾਣੀ ਦੀ ਡੂੰਘਾਈ ਗਲੋਬ 'ਤੇ ਕਲਪਤ ਕਰੀਏ ਤਾਂ ਇਹ ਪਾਣੀ ਦੀ ਪਤਲੀ ਪਰਤ ਵਾਂਗ ਹੈ।

ਧਰਤੀ 'ਤੇ ਬਹੁਤ ਸਾਰੀਆਂ ਵਿਨਾਸ਼ਕਾਰੀ ਸ਼ਕਤੀਆਂ ਵੀ ਕੰਮ ਕਰਦੀਆਂ ਹਨ। ਧਰਤੀ ਵਿਚ ਜਿੱਥੇ ਧਾਤੂ ਦੀ ਮਾਤਰਾ ਜ਼ਿਆਦਾ ਹੈ, ਉਥੇ ਪਲੇਟਾਂ ਖਿਸਕ ਸਕਦੀਆਂ ਹਨ। ਮਹਾਂਸਾਗਰਾਂ ਤੇ ਸਮੁੰਦਰਾਂ ਵਿਚ ਪੈਦਾ ਹੋਣ ਵਾਲਾ ਭੂਚਾਲ (ਸੂਨਾਮੀ) ਸਭ ਤੋਂ ਵੱਧ ਵਿਨਾਸ਼ਕਾਰੀ ਹੁੰਦਾ ਹੈ। ਧਰਤੀ 'ਤੇ ਕਈ ਜਵਾਲਾਮੁਖੀ ਕਿਰਿਆਸ਼ੀਲ ਹਨ। ਇਨ੍ਹਾਂ ਵਿਚ ਜੈਲੋ-ਸਟੋਨ ਸਭ ਤੋਂ ਹਿੰਸਕ ਹੈ। ਇਸ ਦੇ ਫਟਣ ਨਾਲ ਅਮਰੀਕਾ ਮਹਾਂਦੀਪ ਰਾਖ ਨਾਲ ਢਕਿਆ ਜਾਵੇਗਾ। ਧਰਤੀ ਦੇ ਚੱਕਰ ਕੱਟਣ ਵਿਚ ਬਦਲਾਅ ਆ ਸਕਦੇ ਹਨ। ਜੀਵ ਜੰਤੂ ਖਤਮ ਹੋ ਸਕਦੇ ਹਨ। ਕਨੇਰੀ ਦੀਪ 'ਤੇ ਵੀ ਇਕ ਕਿਰਿਆਸ਼ੀਲ ਜਵਾਲਾਮੁਖੀ ਹੈ। ਇਸ ਦੇ ਪਿਘਲੇ ਲਾਵੇ ਦੀ ਲਹਿਰ 900 ਮੀਟਰ ਉੱਚੀ ਹੋ ਸਕਦੀ ਹੈ। ਪੂਰੇ ਬ੍ਰਹਿਮੰਡ ਦੇ ਭੇਦਾਂ ਨੂੰ ਜਾਣਨਾ ਮਨੁੱਖ ਦੀ ਜਗਿਆਸਾ ਹੈ ਪਰ ਹਾਲੇ ਤੱਕ ਮਨੁੱਖ ਆਪਣੇ ਘਰ 'ਧਰਤੀ' ਦੇ ਰਹੱਸ ਨੂੰ ਨਹੀਂ ਜਾਣ ਸਕਿਆ। ਮਨੁੱਖ ਮਹਾਂਸਾਗਰਾਂ ਦੀਆਂ ਡੂੰਘਾਣਾਂ ਤੇ ਪਹਾੜਾਂ ਦੀਆਂ ਉੱਚੀਆਂ ਚੋਟੀਆਂ ਨੂੰ ਸਰ ਕਰ ਰਿਹਾ ਹੈ। ਅਨੰਤ ਤੇਜ਼ ਰਫ਼ਤਾਰ ਵਿਚ ਚੱਕਰ ਕੱਟ ਰਹੀ ਧਰਤੀ ਉਤੇ ਭੋਰਾ ਵੀ ਹਿਲਜੁਲ ਮਹਿਸੂਸ ਨਹੀਂ ਕੀਤੀ ਜਾ ਸਕਦੀ। ਧਰਤੀ ਕੁਦਰਤ ਦੀ ਅਜੀਬ ਰਚਨਾ ਹੈ ਜਿੱਥੇ ਮਨੁੱਖ ਦਾ ਬਸੇਰਾ ਹੈ। ਅਭੇਦਾਂ ਦੀਆਂ ਗੁੰਝਲਾਂ ਨੂੰ ਖੋਲ੍ਹਣਾ ਕਠਿਨ ਕੋਸ਼ਿਸ਼ ਕਰਦੇ ਰਹਿਣਾ ਮਨੁੱਖ ਦੀ ਫਿਤਰਤ ਹੈ।

# ਪਿੰਡ ਦਾ ਦਰਵਾਜ਼ਾ

**ਬਲਰਾਜ ਕੁਹਾੜਾ**

ਸਮੁੱਚੇ ਪੰਜਾਬ ਦੇ ਪਿੰਡਾਂ 'ਚ ਬਣੇ ਦਰਵਾਜ਼ੇ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਅੱਜ ਭਾਵੇਂ ਕੁਝ ਕੁ ਪਿੰਡਾਂ ਨੂੰ ਛੱਡ ਕੇ ਇਨ੍ਹਾਂ ਦਾ ਮੁਹਾਂਦਰਾ ਬਦਲ ਚੁੱਕਾ ਹੈ ਪਰ ਪੰਜਾਬ ਦੇ ਲੋਕ-ਗੀਤ ਅਤੇ ਸਿੱਠਣੀਆਂ ਵੀ ਦਰਵਾਜ਼ਿਆਂ ਨਾਲ ਜੁੜੀਆਂ ਹੋਈਆਂ ਹਨ। ਜੇਕਰ ਕਿਸੇ ਪਿੰਡ ਦਾ ਦਰਵਾਜ਼ਾ ਚੰਗਾ ਨਾ ਹੋਵੇ ਜਾਂ ਢਹਿ-ਢੇਰੀ ਹੋ ਚੁੱਕਿਆ ਹੋਵੇ ਤਾਂ ਕਿਹਾ ਜਾਂਦਾ ਸੀ ਕਿ,

ਤੂੰ ਕਾਹਦਾ ਲੰਬਰਦਾਰ ਵੇ ਦਰਵਾਜ਼ਾ ਹੈ ਨੀ,
ਬੈਠੇਂ ਕੌਲੇ ਨਾਲ ਵੇ ਦਰਵਾਜ਼ਾ ਹੈ ਨੀ।

ਆਮ ਤੌਰ 'ਤੇ ਇਸ ਦੀ ਬਣਤਰ ਇਸ ਤਰ੍ਹਾਂ ਦੀ ਹੁੰਦੀ ਸੀ ਕਿ ਇਸ ਦੇ ਦੋਵੇਂ ਗੇਟ ਗੋਲਾਈ 'ਚ ਡਾਟ ਭੇੜ ਕੇ ਬਣਾਏ ਹੁੰਦੇ ਸਨ। ਇਸ ਉਪਰ ਸੰਦੂਖੀ ਜਾਂ ਸਿਰਕੀ ਵਾਲੀ ਛੱਤ ਪਾਈ ਜਾਂਦੀ ਸੀ ਤੇ ਇਸ ਦੇ ਦੋਵੇਂ ਪਾਸੇ ਉੱਚੇ-ਉੱਚੇ ਥੜ੍ਹੇ ਜਿਸ ਨੂੰ ਚੌਂਤਰੇ ਵੀ ਕਿਹਾ ਜਾਂਦਾ ਸੀ, ਬਣੇ ਹੁੰਦੇ ਤੇ ਵਿਚਕਾਰ ਲੰਘਣ ਵਾਸਤੇ ਰਸਤਾ ਛੱਡਿਆ ਹੁੰਦਾ ਸੀ। ਇਨ੍ਹਾਂ ਦੇ ਬਾਹਰ ਵਾਲੇ ਪਾਸੇ ਲੱਕੜ ਦੇ ਬਣੇ ਵੱਡੇ ਬੂਹੇ ਲੱਗੇ ਹੁੰਦੇ ਸਨ ਜੋ ਦਿਨ ਦੇ ਛਿਪਾ ਨਾਲ ਬੰਦ ਹੋਣ ਤੇ ਅਬਦਾਲੀ ਦੇ ਹਮਲਿਆਂ ਤੋਂ ਸਾਰੇ ਪਿੰਡ ਨੂੰ ਆਪਣੀ ਬੁੱਕਲ 'ਚ ਸੁਰੱਖਿਅਤ ਕਰ ਲੈਂਦੇ ਸਨ। ਕਈ ਪਿੰਡਾਂ 'ਚ ਇਨ੍ਹਾਂ ਦੇ ਅੱਗੇ ਪਹਿਰੇਦਾਰ ਵੀ ਹੁੰਦੇ ਜੋ ਰਾਤ ਭਰ ਕਿਸੇ ਓਪਰੇ ਬੰਦੇ ਨੂੰ ਅੰਦਰ ਨਹੀਂ ਸੀ ਜਾਣ ਦਿੰਦੇ।

ਸਮੇਂ ਦੇ ਬਦਲਣ ਨਾਲ ਭਾਵੇਂ ਅੱਧ ਤੋਂ ਵੱਧ ਪਿੰਡਾਂ ਦੇ ਲੋਕ ਇਸ ਦੇ ਘੇਰੇ ਤੋਂ ਬਾਹਰ ਆਲੀਸ਼ਾਨ ਕੋਠੀਆਂ ਵਿੱਚ ਜਾ ਵਸੇ ਹਨ ਪਰ ਪਿਛਲੇ ਸਮਿਆਂ 'ਚ ਪਿੰਡ ਦੇ ਅੰਦਰ ਆਉਣ ਤੇ ਜਾਣ ਦਾ ਰਸਤਾ ਕੇਵਲ ਦਰਵਾਜ਼ੇ ਰਾਹੀਂ ਹੀ ਹੁੰਦਾ ਸੀ।

ਕਈ ਵਾਰ ਪਿੰਡ 'ਚ ਪਸ਼ੂਆਂ ਨੂੰ ਮੂੰਹ-ਖੁਰ ਦੀ ਬਿਮਾਰੀ ਪੈ ਜਾਣ 'ਤੇ ਹਨੂੰਮਾਨ ਦੀ ਪੂਜਾ ਕਰਕੇ ਸਾਰੇ ਪਿੰਡ ਦੇ ਮਾਲ-ਡੰਗਰ ਨੂੰ ਗੁੱਗਲ ਦੀ ਧੂਣੀ ਦੇਣ ਲਈ ਇਸ ਦਰਵਾਜ਼ੇ ਵਿੱਚੋਂ ਦੀ ਲੰਘਾਇਆ ਜਾਂਦਾ ਸੀ। ਫਿਰ ਮਾਲ-ਡੰਗਰ ਦੀ ਸੁੱਖ-ਸ਼ਾਂਤੀ ਲਈ ਸਵਾ ਮਣ ਕੱਚੇ ਆਟੇ ਦਾ ਰੋਟ ਪਕਾ ਕੇ ਗਰੀਬ-




ਗੁਰਬੇ 'ਚ ਵੰਡਿਆ ਜਾਂਦਾ ਸੀ।

ਸਮੇਂ ਦੇ ਬਦਲਣ ਨਾਲ ਪਿੰਡਾਂ ਦੇ ਲੋਕਾਂ ਦੇ ਮੋਹ ਮੁਹੱਬਤ ਨੂੰ ਖੋਰਾ ਲੱਗ ਚੁੱਕਾ ਹੈ। ਪਿੰਡਾਂ ਵਿੱਚ ਰਾਜਨੀਤਕ ਮਾਹੌਲ ਪੈਦਾ ਹੋਣ ਨਾਲ, ਪਿਆਰ ਦੀਆਂ ਸਾਂਝਾਂ ਖੋਖਲੀਆਂ ਹੋ ਜਾਣ ਕਰਕੇ ਹਰ ਬੰਦਾ ਆਪਣੇ-ਆਪ ਨੂੰ ਖੱਬੀ ਖਾਨ ਅਖਵਾਉਂਦਾ ਹੈ ਜਿਸ ਕਰਕੇ ਪਿੰਡਾਂ ਦੇ ਲੋਕ ਧੜਿਆਂ, ਪਾਰਟੀਆਂ ਤੇ ਗਰੁੱਪਾਂ 'ਚ ਵੰਡੇ ਗਏ ਜਿਸ ਨਾਲ ਲੋਹੜੀ ਵਾਲੇ ਦਿਨ ਦਰਵਾਜ਼ੇ ਅੱਗੇ ਬਾਲੀ ਜਾਣ ਵਾਲੀ ਧੂਣੀ ਦਾ ਰੂਪ ਵੀ ਬਦਲ ਚੁੱਕਾ ਹੈ। ਉਨ੍ਹਾਂ ਸਮਿਆਂ 'ਚ ਸਾਂਝਾਂ ਦੇ ਪ੍ਰਤੀਕ ਦਰਵਾਜ਼ੇ ਅੱਗੇ ਇਕ ਹੀ ਧੂਣੀ ਬਾਲੀ ਜਾਂਦੀ ਸੀ। ਜਿਸ ਘਰ ਮੁੰਡਾ ਜੰਮਿਆ ਹੋਵੇ ਉਸ ਦਾ ਸਾਰਾ ਸ਼ਰੀਕਾ ਕਬੀਲਾ ਆਣ ਕੇ ਧੂਣੀ ਸੇਕ ਰਹੇ ਲੋਕਾਂ 'ਚ ਭੇਲੀ ਵੰਡਦਾ। ਭੇਲੀ ਤੋਂ ਭਾਵ ਪਰਿਵਾਰ ਦਾ ਮੁਖੀਆ ਪੇਸ਼ੀਆਂ ਭੰਨ ਕੇ ਪਰਾਤ 'ਚ ਪਾਇਆ ਗੁੜ ਵੰਡਦਾ ਤੇ ਨਵੇਂ ਬੱਚੇ ਨੂੰ ਉਮਰਾਂ ਵਾਲਾ ਹੋਣ ਦੀਆਂ ਦੁਆਵਾਂ ਇਸ ਧੂਣੀ ਤੋਂ ਮੰਗਦਾ।

ਅੱਜ ਵੀ ਜੇਠ ਹਾੜ੍ਹ ਦੀ ਤਿੱਖੜ ਦੁਪਹਿਰ 'ਚ ਕੋਈ ਰਾਹਗੀਰ ਜਾਂ ਫੇਰੀ ਵਾਲਾ ਇਸ ਦੀ ਛੱਤ ਥੱਲੇ ਬੇਝਿਜਕ ਲੰਮਾ ਪੈ ਕੇ ਆਪਣੀ ਥਕਾਵਟ ਦੂਰ ਕਰ ਲੈਂਦਾ। ਦੀਵਾਲੀ ਵਾਲੇ ਦਿਨ ਇਸ ਦੇ ਚਬੂਤਰਿਆਂ 'ਤੇ ਚਿਣ-ਚਿਣ ਕੇ ਦੀਵੇ ਰੱਖਣ ਨਾਲ ਇਸ ਦਾ ਰੂਪ ਦੂਣ ਸਵਾਇਆ ਹੋ ਕੇ ਜਗਮਗਾਉਣ ਲੱਗਦਾ। ਇਸ ਦਰਵਾਜ਼ੇ ਨਾਲ ਲੋਕਾਂ ਦੀਆਂ ਭਾਵਨਾਵਾਂ ਇੰਨੀਆਂ ਜੁੜੀਆਂ ਹੋਈਆਂ ਸਨ ਕਿ ਜਦੋਂ ਕੋਈ ਨੂੰਹ-ਧੀ ਛੋਟੇ ਬੱਚੇ ਨੂੰ ਲੈ ਕੇ ਇਸ ਦੇ ਅੰਦਰ ਪ੍ਰਵੇਸ਼ ਕਰਦੀ ਤਾਂ ਇਸ ਦੇ ਬਾਹਰੋਂ ਇਕ ਮਿੱਟੀ ਦੀ ਮੁੱਠੀ ਚੁੱਕੇ ਕੇ ਬੱਚੇ ਦੁਆਲੇ ਛੁਆ ਕੇ ਉਸ ਦੀ ਨਜ਼ਰ ਉਤਾਰਦੀ ਤਾਂ ਕਿ ਕੋਈ ਓਪਰੀ ਨਜ਼ਰ ਉਸ ਦੇ ਮਗਰ ਘਰ ਤੱਕ ਨਾ ਜਾ ਸਕੇ।

ਪਿੰਡ 'ਚ ਜਦੋਂ ਕੋਈ ਬਾਰਾਤ ਚੜ੍ਹਦੀ ਤਾਂ ਵਿਆਂਦੜ ਮੁੰਡਾ ਜਿੱਥੇ ਇਸ ਦੇ ਥੜ੍ਹੇ 'ਤੇ ਖੱਮਣੀ ਜਾਂ ਮੌਲੀ 'ਚ ਲਿਪਟੇ ਲੱਡੂ ਰੱਖ ਅਸ਼ੀਰਵਾਦ ਲੈਣ ਲਈ ਆਪਣਾ ਸਿਰ ਨਿਵਾਉਂਦਾ ਉੱਥੇ ਇਹ ਦਰਵਾਜ਼ਾ ਆਪਣੇ ਅੰਦਰ ਵੱਜ ਰਹੇ ਵਾਜੇ ਦੀਆਂ ਧੁਨਾਂ ਸੁਣ ਕੇ ਖ਼ੁਸ਼ੀ ਨਾਲ ਝੂਮ ਉੱਠਦਾ ਤੇ ਖ਼ੁਸ਼ੀ ਖੇੜੇ ਵੰਡਦਾ ਸ਼ਾਮ ਨੂੰ ਵਿਆਹ ਕੇ ਲਿਆਂਦੀ ਜਾਣ ਵਾਲੀ ਨਵੀਂ ਨਵੇਲੀ ਦੇ ਆਉਣ 'ਤੇ ਗਾਏ ਜਾਣ ਵਾਲੇ ਸੁਹਾਗ ਗੀਤ ਸੁਣਨ ਲਈ ਖ਼ੁਸ਼ੀ 'ਚ ਖੀਵਾ ਹੋ ਸੁਭਾਗੀ ਘੜੀ ਲਈ ਉਡੀਕਵਾਨ ਹੋਇਆ ਲੱਗਦਾ।

ਮੇਰੀ ਮਾਂ ਹਮੇਸ਼ਾ ਬਾਹਰ ਜਾਣ ਲੱਗਿਆਂ ਇਸ ਦਰਵਾਜ਼ੇ ਨੂੰ ਮਾਣ-ਸਤਿਕਾਰ ਨਾਲ ਸੱਜਦਾ ਕਰਿਆ ਕਰਦੀ ਸੀ। ਪਰ ਜਦੋਂ ਹਸਪਤਾਲ ਤੋਂ ਲਿਆਂਦੀ ਮਾਂ ਦੀ ਲਾਸ਼ ਗੱਡੀ 'ਚ ਇਸ ਦਰਵਾਜ਼ੇ ਅੱਗੇ ਉਤਾਰੀ ਗਈ ਤਾਂ ਮੇਰੀ ਧਾਹ ਸੁਣ ਕੇ ਸ਼ਾਇਦ ਇਹ ਦਰਵਾਜ਼ਾ ਵੀ ਰੋਣ-ਹਾਕਾ ਹੋਇਆ ਖੜ੍ਹਾ ਸੀ ਜਿਵੇਂ ਮੇਰੇ ਵਾਂਗ ਇਸ ਨੂੰ ਵੀ ਇਹ ਅਸਹਿ ਵਿਛੋੜਾ ਝੱਲਣਾ ਮੁਸ਼ਕਿਲ ਲੱਗਦਾ ਹੋਵੇ ਤੇ ਉਹ ਸਾਰੇ ਦਾ ਸਾਰਾ ਸੋਗ 'ਚ ਡੁੱਬਿਆ ਹੋਵੇ। ਫਿਰ ਇਸ ਦੇ ਚੌਂਤਰਿਆਂ 'ਤੇ ਵਿਛੇ ਸੱਥਰ ਜਿਵੇਂ ਹਰ ਆਉਣ ਜਾਣ ਵਾਲੇ ਨੂੰ ਕਈ ਸਵਾਲ ਕਰ ਸੋਚਾਂ 'ਚ ਪਾਉਂਦੇ ਹੋਣ। ਵੱਖ-ਵੱਖ ਰੰਗਾਂ 'ਚ ਰੰਗਿਆ ਸਾਡੇ ਪਿੰਡ ਦਾ ਇਹ ਦਰਵਾਜ਼ਾ ਅੱਜ ਵੀ ਮਾਣ-ਸਤਿਕਾਰ ਦੀ ਵਿਸ਼ੇਸ਼ ਥਾਂ ਰੱਖਦਾ ਹੈ। ਕੁਝ ਪਰਿਵਾਰ ਇਸ ਦੇ ਵਿਚਕਾਰ ਲੱਗੇ ਹਨੂੰਮਾਨ ਦੇ ਪੱਥਰ ਨੂੰ ਤੜਕਸਾਰ ਇਸ਼ਨਾਨ ਕਰਵਾ ਕੇ ਇਸ ਦੀ ਪੂਜਾ ਕਰਦੇ ਹਨ। ਇਸ ਉਪਰ ਲਗਾਈ ਧੂਫ਼ ਮਹਿਕਾਂ ਖਿਲਾਰ ਹਰ ਆਉਣ-ਜਾਣ ਵਾਲੇ ਦਾ ਧਿਆਨ ਖਿੱਚਦੀ ਅਤੇ ਇਸ ਦੁਆਲੇ ਰੱਖੇ ਸੋਹਣੇ-ਸੋਹਣੇ ਫੁੱਲ ਨਗਰ ਖੇੜੇ 'ਚ ਸੁੱਖ-ਸ਼ਾਂਤੀ ਦਾ ਸੁਨੇਹਾ ਦਿੰਦੇ ਪ੍ਰਤੀਤ ਹੁੰਦੇ ਹਨ।

# ਰੰਗਮੰਚ ਤੋਂ ਫ਼ਿਲਮਾਂ ਤਕ ਸਰਦਾਰ ਸੋਹੀ

ਸਖ਼ਤ ਮਿਹਨਤ, ਸੰਘਰਸ਼, ਸਿਰੜ ਅਤੇ ਲਗਨ ਨਾਲ ਪੰਜਾਬੀ ਫ਼ਿਲਮਾਂ ਵਿੱਚ ਦਮਦਾਰ ਭੂਮਿਕਾਵਾਂ ਨਿਭਾਉਣ ਵਾਲਾ ਸਰਦਾਰ ਸੋਹੀ (ਪਰਮਜੀਤ ਸਿੰਘ ਸੋਹੀ) ਜ਼ਿਲ੍ਹਾ ਸੰਗਰੂਰ ਦੇ ਪਿੰਡ ਟਿੱਬਾ ਦਾ ਜੰਮਪਲ ਹੈ। ਹਰ ਕਿਰਦਾਰ ਵਿੱਚ ਢਲ ਜਾਣ ਵਾਲਾ ਸੋਹੀ ਜਿੱਥੇ ਇੱਕ ਵਧੀਆ ਚਰਿੱਤਰ ਅਭਿਨੇਤਾ ਹੈ, ਉੱਥੇ ਦਮਦਾਰ ਸੰਵਾਦ ਲਿਖਣ ਵਿੱਚ ਵੀ ਉਸ ਦੀ ਵੱਖਰੀ ਪਛਾਣ ਹੈ। ਸਰਦਾਰ ਸੋਹੀ ਨੇ ਹਰਪਾਲ ਟਿਵਾਣਾ ਦੇ ਗਰੁੱਪ ਵਿੱਚ ਜਾ ਕੇ ਰੰਗਮੰਚ ਦਾ ਸਫ਼ਰ ਸ਼ੁਰੂ ਕੀਤਾ। ਗੁਰਦਾਸ ਮਾਨ, ਗਿਰਜਾ ਸ਼ੰਕਰ, ਦਰਸ਼ਨ ਬੜੀ ਜਿਹੀਆਂ ਮਹਾਨ ਸ਼ਖ਼ਸੀਅਤਾਂ ਵੀ ਉਨ੍ਹਾਂ ਦੇ ਨਾਲ ਸਨ। 12 ਕੁ ਸਾਲ ਹਰਪਾਲ ਟਿਵਾਣਾ ਦੇ ਗਰੁੱਪ ਵਿੱਚ ਰਹਿ ਕੇ ਨਾਟਕ 'ਹਿੰਦ ਦੀ ਚਾਦਰ', 'ਚਮਕੌਰ ਦੀ ਗੜ੍ਹੀ' 'ਰਮਾਇਣ', 'ਦੀਵਾ ਬਲੇ ਸਾਰੀ ਰਾਤ', 'ਲੌਂਗ ਦਾ ਲਿਸ਼ਕਾਰਾ', 'ਮੇਲਾ ਮੁੰਡੇ ਕੁੜੀਆਂ ਦਾ', 'ਚੰਡੀਗੜ੍ਹ ਮੁਸੀਬਤਾਂ ਦਾ ਘਰ', 'ਮੱਸਿਆ ਦੀ ਰਾਤ', 'ਲੋਹ ਕੁੱਟ' ਆਦਿ ਨਾਟਕਾਂ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾਉਣ ਵਾਲੇ ਪਰਮਜੀਤ ਸਿੰਘ ਸੋਹੀ ਨੂੰ ਸਰਦਾਰ ਸੋਹੀ ਦਾ ਨਾਂ ਵੀ ਹਰਪਾਲ ਸਿੰਘ ਟਿਵਾਣਾ ਨੇ ਦਿੱਤਾ।

ਉਸ ਨੇ ਆਪਣਾ ਫ਼ਿਲਮੀ ਸਫ਼ਰ 1983 ਵਿੱਚ ਰਿਲੀਜ਼ ਹੋਈ ਪੰਜਾਬੀ ਫ਼ਿਲਮ ਲੌਂਗ ਦਾ ਲਿਸ਼ਕਾਰਾ ਤੋਂ ਕੀਤਾ। 1987 ਵਿੱਚ ਆਈ ਉਸ ਦੀ ਦੂਜੀ ਫ਼ਿਲਮ 'ਦੀਵਾ ਬਲੇ ਸਾਰੀ ਰਾਤ' ਨਾਲ ਜਿੱਥੇ ਉਹ ਫ਼ਿਲਮ ਇੰਡਸਟਰੀ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਉਣ ਵਿੱਚ ਸਫ਼ਲ ਰਿਹਾ, ਉੱਥੇ ਮੁੰਬਈ ਪੱਕੇ ਤੌਰ 'ਤੇ ਜਾ ਡੇਰੇ ਲਾਏ। ਗੁਲਜ਼ਾਰ ਸਾਹਿਬ ਨਾਲ ਨਾਟਕ 'ਮਿਰਜ਼ਾ ਗਾਲਿਬ' ਖੇਡਿਆ। ਜਿੱਥੇ ਉਸ ਨੇ ਕਈ ਚਰਚਿਤ ਲੜੀਵਾਰਾਂ ਵਿੱਚ ਕੰਮ ਕੀਤਾ, ਉੱਥੇ ਹਿੰਦੀ ਫ਼ਿਲਮ 'ਵਿਜੈ ਸ਼ਕਤੀ', 'ਵਾਰਿਸ', 'ਐਲਾਨ', 'ਪਿਆਸੀ ਨਿਗਾਹੇਂ', 'ਦਿਵਿਆ ਸ਼ਕਤੀ', 'ਸ਼ਹੀਦ ਭਗਤ ਸਿੰਘ', 'ਹਵਾਏਂ' ਤੇ 'ਕਾਫ਼ਲਾ' ਵਿੱਚ ਕੰਮ ਕੀਤਾ। ਉਹ ਕਾਫ਼ੀ ਲੰਮਾ ਸਮਾਂ ਪੰਜਾਬੀ ਫ਼ਿਲਮਾਂ ਤੋਂ ਦੂਰ ਰਹੇ। ਇਸ ਦਾ ਕਾਰਨ ਸੋਹੀ ਦੱਸਦਾ ਹੈ ਕਿ ਸਿਰਫ਼ ਮਾਰਧਾੜ ਅਤੇ ਹਲਕੇ ਫੁਲਕੇ ਪੱਧਰ ਦੀਆਂ ਫ਼ਿਲਮਾਂ ਪੈਸੇ ਲਈ ਤਾਂ ਕੀਤੀਆਂ ਜਾ ਸਕਦੀਆਂ ਹਨ ਪਰ ਮਨ ਦੀ ਸੰਤੁਸ਼ਟੀ ਲਈ ਨਹੀਂ। ਮੈਨੂੰ ਹਮੇਸ਼ਾਂ ਚੰਗੀਆਂ ਫ਼ਿਲਮਾਂ ਦੀ ਹੀ ਲੋੜ ਸੀ।



1997 ਵਿੱਚ ਆਈ ਪੰਜਾਬੀ ਫ਼ਿਲਮ 'ਮੇਲਾ' ਤੋਂ ਬਾਅਦ ਮੈਂ ਮੁੜ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਇਸੇ ਦੌਰਾਨ ਪੰਜਾਬੀ ਲੜੀਵਾਰ 'ਕਿੱਕਰਾਂ ਦੇ ਫੁੱਲ' ਵਿੱਚ ਕੰਮ ਕੀਤਾ। ਨਿਰਦੇਸ਼ਕ ਸੁੱਖੀ ਧੰਜਲ ਦੀ ਫ਼ਿਲਮ 'ਬਾਗੀ' ਕੀਤੀ ਜਿਸ ਨੂੰ ਨੈਸ਼ਨਲ ਐਵਾਰਡ ਮਿਲਿਆ। ਸਰਦਾਰ ਸੋਹੀ ਦੀਆਂ ਰਿਲੀਜ਼ ਹੋਈਆਂ ਪੰਜਾਬੀ ਫ਼ਿਲਮਾਂ ਵਿੱਚੋਂ 'ਖੇਲ ਤਕਦੀਰਾਂ ਦੇ', 'ਲੱਗਦੈ ਇਸ਼ਕ ਹੋ ਗਿਆ', 'ਜੀਹਨੇ ਮੇਰਾ ਦਿਲ ਲੁੱਟਿਆ', 'ਕਬੱਡੀ ਵੰਨਸ ਅਗੇਨ' ਪ੍ਰਮੁੱਖ ਹਨ। ਗਿੱਪੀ ਗਰੇਵਾਲ ਦੀ 'ਕੈਰੀ ਆਨ ਜੱਟਾ', ਸਰਬਜੀਤ ਚੀਮੇ ਦੀ 'ਪੰਜਾਬੀ ਬੋਲਦਾ', ਇੰਦਰਜੀਤ ਨਿੱਕੂ ਦੀ 'ਦਿਲ ਪ੍ਰਦੇਸੀ ਹੋ ਗਿਆ' ਅਤੇ ਰਵਿੰਦਰ ਗਰੇਵਾਲ ਦੀ ਫ਼ਿਲਮ 'ਰੌਲਾ ਪੈ ਗਿਆ' ਵਿੱਚ ਵੀ ਸਰਦਾਰ ਸੋਹੀ ਦੀ ਦਮਦਾਰ ਐਕਟਿੰਗ ਵੇਖਣ ਨੂੰ ਮਿਲੀ।

ਹੁਣ ਤਕ ਦੇ ਰੰਗਮੰਚ ਅਤੇ ਫ਼ਿਲਮੀ ਸਫ਼ਰ ਤੋਂ ਸੰਤੁਸ਼ਟ ਸਰਦਾਰ ਸੋਹੀ ਦਾ ਕਹਿਣਾ ਹੈ ਕਿ ਫ਼ਿਲਮਾਂ ਵਿੱਚ ਜ਼ਿਆਦਾਤਰ ਹੀਰੋ-ਹੀਰੋਇਨਾਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਜਦਕਿ ਚਰਿੱਤਰ ਆਰਟਿਸਟ ਵੀ ਫ਼ਿਲਮਾਂ ਦੇ ਮੁੱਖ ਅੰਗ ਹੁੰਦੇ ਹਨ। ਉਨ੍ਹਾਂ ਨੂੰ ਵੀ ਉਸੇ ਨਜ਼ਰ ਨਾਲ ਵੇਖਣਾ ਚਾਹੀਦਾ ਹੈ। ਉਨ੍ਹਾਂ ਗਾਇਕ ਕਲਾਕਾਰਾਂ ਦੇ ਪੰਜਾਬੀ ਫ਼ਿਲਮਾਂ ਵਿੱਚ ਆਉਣ ਨੂੰ ਸ਼ੁਭ ਸ਼ਗਨ ਦੱਸਦਿਆਂ ਕਿਹਾ ਕਿ ਅੱਜ ਪੰਜਾਬੀ ਵਿੱਚ ਚੰਗੀਆਂ ਫ਼ਿਲਮਾਂ ਬਣਨ ਦਾ ਦੌਰ ਸ਼ੁਰੂ ਹੋ ਗਿਆ ਹੈ। ਦਰਸ਼ਕਾਂ ਨੂੰ ਮੁੜ ਸਿਨੇਮੇ ਵੱਲ ਲਿਜਾਣ ਵਿੱਚ ਵੱਡਾ ਯੋਗਦਾਨ ਇਨ੍ਹਾਂ ਕਲਾਕਾਰਾਂ ਦਾ ਹੀ ਹੈ। ਥੀਏਟਰ ਵਿੱਚ ਭਾਵੇਂ ਪੈਸਾ ਨਹੀਂ ਪਰ ਅੱਜ ਜੋ ਮੈਂ ਹਾਂ ਰੰਗਮੰਚ ਦੀ ਹੀ ਬਦੌਲਤ ਹਾਂ। ਸੋਹੀ ਨੂੰ ਸਮੇਂ ਸਮੇਂ ਅਨੇਕਾਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਨਵੇਂ ਕਲਾਕਾਰਾਂ ਨੂੰ ਸੁਨੇਹਾ ਦਿੰਦਿਆਂ ਸਰਦਾਰ ਸੋਹੀ ਨੇ ਕਿਹਾ ਕਿ ਅੱਜ ਹਰ ਪਾਸੇ ਅੱਗੇ ਲੰਘਣ ਦੀ ਦੌੜ ਲੱਗੀ ਹੋਈ ਹੈ ਪਰ ਸਹਿਜਤਾ ਨਾਲ ਸਿੱਖ ਕੇ ਕੰਮ ਕਰਨ ਵਾਲੇ ਲੋਕ ਹੀ ਵੱਖਰੀ ਪਛਾਣ ਬਣਾਉਣ ਵਿੱਚ ਸਫ਼ਲ ਹੁੰਦੇ ਹਨ।

**- ਸੁਰਿੰਦਰ ਚਹਿਲ ਖੇੜੀ**

# ਤੇਲ ਦੇ ਮੋਰਚੇ 'ਤੇ ਕੋਈ ਸੰਕਟ ਨਹੀਂ, ਕਿਉਂਕਿ ਭਾਰਤ ਕੋਲ ਕਾਫ਼ੀ ਭੰਡਾਰ ਤੇ ਆਯਾਤ ਹਨ: ਸਰਕਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 14 ਮਾਰਚ। ਇਰਾਨ ਜੰਗ ਕਾਰਨ ਪੈਦਾ ਹੋਏ ਵਿਸ਼ਵਵਿਆਪੀ ਊਰਜਾ ਸੰਕਟ ਦੇ ਵਿਚਕਾਰ ਭਾਰਤ ਲਈ ਰਾਹਤ ਦੀ ਖ਼ਬਰ ਹੈ। ਇੱਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਵੀਰਵਾਰ ਨੂੰ ਦੱਸਿਆ ਕਿ ਭਾਰਤ ਦੀ ਰਣਨੀਤਕ ਤੇਲ ਭੰਡਾਰਨ ਸਮਰੱਥਾ ਅਤੇ 40 ਤੋਂ ਵੱਧ ਦੇਸ਼ਾਂ ਤੋਂ ਤੇਲ ਦੀ ਦਰਾਮਦ (ਇੰਪੋਰਟ) ਕਰਨ ਦੀ ਨੀਤੀ ਨੇ ਦੇਸ਼ ਨੂੰ ਕਿਸੇ ਵੀ ਵੱਡੇ ਝਟਕੇ ਤੋਂ ਬਚਾ ਲਿਆ ਹੈ। ਜਿੱਥੇ ਗੁਆਂਢੀ ਦੇਸ਼ ਤੇਲ ਦੀਆਂ ਕੀਮਤਾਂ ਅਤੇ ਕਿੱਲਤ ਨਾਲ ਜੂਝ ਰਹੇ ਹਨ, ਉੱਥੇ ਹੀ ਭਾਰਤ ਕੋਲ ਅਗਲੇ 5 ਸਾਲਾਂ ਦਾ ਤੇਲ ਬਿੱਲ ਭਰਨ ਲਈ ਲੋੜੀਂਦਾ ਵਿਦੇਸ਼ੀ ਮੁਦਰਾ ਭੰਡਾਰ ਮੌਜੂਦ ਹੈ। ਅਧਿਕਾਰੀ ਅਨੁਸਾਰ ਭਾਰਤ ਕੋਲ ਕੱਚੇ ਤੇਲ ਅਤੇ ਪੈਟਰੋਲੀਅਮ ਉਤਪਾਦਾਂ ਦਾ ਇੰਨਾ ਸਟਾਕ ਹੈ ਕਿ ਉਹ ਬਾਜ਼ਾਰ ਦੀ 74 ਦਿਨਾਂ ਦੀ ਮੰਗ ਨੂੰ ਆਸਾਨੀ ਨਾਲ ਪੂਰਾ ਕਰ ਸਕਦਾ ਹੈ। ਭਾਰਤ ਕੋਲ ਮੌਜੂਦ ਵਿਦੇਸ਼ੀ ਮੁਦਰਾ ਭੰਡਾਰ 11 ਤੋਂ 12 ਮਹੀਨਿਆਂ ਦੀ ਦਰਾਮਦ ਨੂੰ ਕਵਰ ਕਰਦਾ ਹੈ, ਜੋ ਕਿ ਦੇਸ਼ ਦੇ 5 ਸਾਲਾਂ ਦੇ ਤੇਲ ਦਰਾਮਦ ਬਿੱਲਾਂ ਦੇ ਬਰਾਬਰ ਹੈ। ਭਾਰਤ ਵਿੱਚ ਮਹਿੰਗਾਈ ਦਰ 2.75 ਫੀਸਦੀ ਦੇ ਕਰੀਬ ਹੈ, ਜੋ ਦੁਨੀਆ ਦੀਆਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਸਭ ਤੋਂ ਘੱਟ ਹੈ। ਭਾਰਤ ਨੇ ਰਣਨੀਤਕ ਤੌਰ 'ਤੇ 'ਹੋਰਮੁਜ਼ ਦੀ ਜਲਡਮਰੂ' ਰਾਹੀਂ ਆਉਣ ਵਾਲੇ ਤੇਲ ਦੀ ਨਿਰਭਰਤਾ ਨੂੰ 50 ਫੀਸਦੀ ਤੋਂ ਘਟਾ ਕੇ 20 ਫੀਸਦੀ ਕਰ ਦਿੱਤਾ ਹੈ। ਅਧਿਕਾਰੀ ਅਨੁਸਾਰ ਪੱਛਮੀ ਦੇਸ਼ਾਂ ਦੇ ਦਬਾਅ ਦੇ ਬਾਵਜੂਦ ਭਾਰਤ ਰੂਸ ਤੋਂ ਸਸਤਾ ਕੱਚਾ ਤੇਲ ਖਰੀਦ ਰਿਹਾ ਹੈ, ਜੋ ਕੁੱਲ ਦਰਾਮਦ ਦਾ ਇੱਕ ਤਿਹਾਈ ਹਿੱਸਾ ਹੈ। ਭਾਰਤ ਹੁਣ ਇਰਾਕ, ਸਾਊਦੀ ਅਰਬ, ਯੂਏਈ ਅਤੇ ਅਮਰੀਕਾ ਵਰਗੇ 40 ਤੋਂ ਵੱਧ ਦੇਸ਼ਾਂ ਤੋਂ ਤੇਲ ਮੰਗਵਾ ਰਿਹਾ ਹੈ। ਇਸ ਦੇ ਬਾਵਜੂਦ



ਭਾਰਤ ਕੋਲ ਦੋ ਮਹੀਨਿਆਂ ਤੋਂ ਵੱਧ ਦਾ ਰਿਜ਼ਰਵ ਹੈ, ਗੁਆਂਢੀ ਦੇਸ਼ਾਂ ਵਿੱਚ ਸਥਿਤੀ ਚਿੰਤਾਜਨਕ ਹੈ। ਦੱਸ ਦੇਈਏ ਕਿ ਪਾਕਿਸਤਾਨ ਵਿਚ ਤੇਲ ਦੀਆਂ ਕੀਮਤਾਂ ਵਿੱਚ 55 ਰੁਪਏ ਪ੍ਰਤੀ ਲੀਟਰ ਦਾ ਭਾਰੀ ਵਾਧਾ ਹੋਇਆ ਹੈ। ਬੰਗਲਾਦੇਸ਼ ਨੂੰ ਊਰਜਾ ਦੀ ਰਾਸ਼ਨਿੰਗ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਤੋਂ ਇਲਾਵਾ ਸ੍ਰੀਲੰਕਾ ਵਿਚ ਤੇਲ ਦੀ ਕਿੱਲਤ ਕਾਰਨ 'ਪੈਨਿਕ ਬਾਇੰਗ' (ਅਫੜਾ-ਦਫੜੀ ਵਿੱਚ ਖਰੀਦਦਾਰੀ) ਦੇ ਹਾਲਾਤ ਬਣੇ ਹੋਏ ਹਨ। ਇਨ੍ਹਾਂ ਦੇਸ਼ਾਂ ਕੋਲ ਸਿਰਫ਼ 30 ਦਿਨਾਂ ਜਾਂ ਉਸ ਤੋਂ ਵੀ ਘੱਟ ਦਾ ਤੇਲ ਭੰਡਾਰ ਬਾਕੀ ਹੈ। ਅਧਿਕਾਰੀ ਨੇ ਤੁਲਨਾ ਕਰਦਿਆਂ ਦੱਸਿਆ ਕਿ ਜਪਾਨ ਵਰਗੇ ਵਿਕਸਿਤ ਦੇਸ਼ ਵਿੱਚ ਮਹਿੰਗਾਈ ਦਰ 5 ਫੀਸਦੀ ਤੱਕ ਪਹੁੰਚ ਗਈ ਹੈ, ਕਿਉਂਕਿ ਉਹ ਆਪਣੀ ਤੇਲ ਸਪਲਾਈ ਲਈ 75 ਤੋਂ 90 ਫੀਸਦੀ ਤੱਕ ਉਸੇ ਰੂਟ (ਹੋਰਮੁਜ਼) 'ਤੇ ਨਿਰਭਰ ਹੈ, ਜੋ ਜੰਗ ਕਾਰਨ ਪ੍ਰਭਾਵਿਤ ਹੋਇਆ ਹੈ। ਭਾਰਤ ਦੀ 'ਮਲਟੀ-ਅਲਾਈਨਮੈਂਟ' ਨੀਤੀ ਅਤੇ ਸਪਲਾਈ-ਸਾਈਡ ਮੈਨੇਜਮੈਂਟ ਨੇ ਇਹ ਯਕੀਨੀ ਬਣਾਇਆ ਹੈ ਕਿ ਜੰਗ ਦੇ ਬਾਵਜੂਦ ਦੇਸ਼ ਵਿੱਚ ਕੋਈ ਊਰਜਾ ਸੰਕਟ ਨਾ ਆਵੇ। ਅਸੀਂ ਆਪਣੀ ਪ੍ਰਭੂਸੱਤਾ ਨਾਲ ਸਮਝੌਤਾ ਕੀਤੇ ਬਿਨਾਂ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਕਰ ਰਹੇ ਹਾਂ।

## ਦੋ ਕਾਰਾਂ ਦੀ ਆਹਮੋ-ਸਾਹਮਣੇ ਟੱਕਰ, ਇੱਕ ਕਾਰ ਸਵਾਰ ਜ਼ਖਮੀ

ਅਬੋਹਰ 14 ਮਾਰਚ। ਅੱਜ ਸਵੇਰੇ ਅਬੋਹਰ ਹਨੂੰਮਾਨਗੜ੍ਹ ਰੋਡ 'ਤੇ ਇੱਕ ਤੇਜ਼ ਰਫ਼ਤਾਰ ਕਾਰ ਦੂਜੀ ਕਾਰ ਨਾਲ ਟਕਰਾ ਗਈ, ਜਿਸ ਨਾਲ ਦੋਵੇਂ ਕਾਰਾਂ ਨੁਕਸਾਨੀਆਂ ਗਈਆਂ। ਖੁਸ਼ਕਿਸਮਤੀ ਨਾਲ, ਕੋਈ ਜ਼ਖਮੀ ਨਹੀਂ ਹੋਇਆ, ਜਦੋਂ ਕਿ ਇੱਕ ਕਾਰ ਸਵਾਰ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਸਨੂੰ ਇਲਾਜ ਲਈ ਨੇੜਲੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਇਸ ਹਾਦਸੇ ਨੇ ਪੁਲ 'ਤੇ ਕਾਫ਼ੀ ਸਮੇਂ ਲਈ ਆਵਾਜਾਈ ਵਿੱਚ ਵਿਘਨ ਪਾਇਆ। ਜਾਣਕਾਰੀ ਦਿੰਦੇ ਹੋਏ ਕਾਰ ਚਾਲਕ ਅਕਸ਼ੈ ਬਿਸ਼ਨੋਈ ਨੇ ਦੱਸਿਆ ਕਿ ਉਹ ਸਵੇਰੇ ਆਪਣੀ ਧੀ ਨੂੰ ਕਾਲਜ ਛੱਡਣ ਤੋਂ ਬਾਅਦ ਆਪਣੀ ਸਵਿੱਫਟ ਕਾਰ ਵਿੱਚ ਵਾਪਸ ਆ ਰਿਹਾ ਸੀ ਕਿ ਇੱਕ ਹੋਰ ਕਾਰ, ਓਵਰਟੇਕ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਤੇਜ਼ ਰਫ਼ਤਾਰ ਨਾਲ ਉਸਦੀ ਕਾਰ ਨਾਲ ਟਕਰਾ ਗਈ। ਇਸ ਨਾਲ ਉਸਦੀ ਕਾਰ ਨੂੰ ਨੁਕਸਾਨ ਪਹੁੰਚਿਆ ਅਤੇ ਦੂਜੀ ਕਾਰ ਦਾ ਟਾਇਰ ਫੱਟ ਗਿਆ। ਟੱਕਰ ਵਿੱਚ ਦੂਜੀ ਕਾਰ ਦੇ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ। ਨੇੜੇ ਤੇੜੇ ਦੇ ਲੋਕਾਂ ਨੇ ਉਸਨੂੰ ਬਾਹਰ ਕੱਢਿਆ ਅਤੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ। ਸੂਚਨਾ ਮਿਲਦੇ ਹੀ ਪੁਲਸ ਕਰਮਚਾਰੀ ਵੀ ਮੌਕੇ 'ਤੇ ਪਹੁੰਚ ਗਏ ਅਤੇ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ, ਕਾਰਾਂ ਨੂੰ ਇੱਕ ਪਾਸੇ ਖੜ੍ਹਾ ਕਰ ਦਿੱਤਾ।

## ਦਿਵਿਆਂਗ ਆਸ਼ਰਮ ਸਥਿਤ ਹਸਪਤਾਲ 'ਚ ਲੱਗੀਆਂ 3 ਅਤਿ-ਆਧੁਨਿਕ ਅੱਖਾਂ ਦੀ ਜਾਂਚ ਵਾਲੀਆਂ ਮਸ਼ੀਨਾਂ

ਜਲੰਧਰ 14 ਮਾਰਚ। ਸਥਾਨਕ ਦਿਵਿਆਂਗ ਆਸ਼ਰਮ ਪਿਛਲੇ ਕਈ ਸਾਲਾਂ ਤੋਂ ਸਮਾਜ ਦੀ ਸਿਹਤ ਭਲਾਈ ਲਈ ਨਿਰੰਤਰ ਸੇਵਾ ਕਾਰਜ ਕਰ ਰਿਹਾ ਹੈ। ਇਸੇ ਲੜੀ ਵਿਚ ਸੰਸਥਾ ਦੇ ਚੇਅਰਮੈਨ ਤਰਸੇਮ ਕਪੂਰ ਦੀ ਅਗਵਾਈ ਵਿਚ ਲਗਭਗ 46 ਲੱਖ ਰੁਪਏ ਦੀ ਲਾਗਤ ਨਾਲ ਤਿੰਨ ਅਤਿ-ਆਧੁਨਿਕ ਅੱਖਾਂ ਦੀ ਜਾਂਚ ਵਾਲੀਆਂ ਮਸ਼ੀਨਾਂ ਲੋਕ-ਭਲਾਈ ਲਈ ਸਮਰਪਿਤ ਕੀਤੀਆਂ ਗਈਆਂ। ਇਨ੍ਹਾਂ ਮਸ਼ੀਨਾਂ ਦਾ ਸ਼ੁੱਭਆਰੰਭ 'ਪੰਜਾਬ ਕੇਸਰੀ ਗਰੁੱਪ' ਦੇ ਡਾਇਰੈਕਟਰ ਅਭਿਜੈ ਚੋਪੜਾ ਨੇ ਕੀਤਾ। ਅੱਖਾਂ ਦੀਆਂ ਬੀਮਾਰੀਆਂ ਦੇ ਮਾਹਿਰ



ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਜਾਪਾਨ ਦੀ ਟੌਮੀ ਕੰਪਨੀ ਵੱਲੋਂ ਤਿਆਰ ਕੀਤੀ ਗਈ ਇਕ ਮਸ਼ੀਨ ਅੱਖਾਂ ਦੇ ਆਪ੍ਰੇਸ਼ਨ ਦੌਰਾਨ ਪਾਏ ਜਾਣ ਵਾਲੇ ਲੈਂਜ਼ ਦਾ ਸਹੀ ਨੰਬਰ ਤੈਅ ਕਰਨ ਵਿਚ ਮਦਦ ਕਰਦੀ ਹੈ। ਦੂਜੀ ਲੇਜ਼ਰ ਮਸ਼ੀਨ ਅੱਖਾਂ ਦੀ ਪੁਤਲੀ ਦੀ ਸਫ਼ਾਈ ਲਈ ਲਾਹੇਵੰਦ ਹੈ, ਜਦਕਿ ਇਕ ਹੋਰ ਆਧੁਨਿਕ ਨੇਤਰ ਅਲਟਰਾਸਾਊਂਡ ਜਾਂਚ ਮਸ਼ੀਨ ਅੱਖ ਦੇ ਅਗਲੇ ਅਤੇ ਪਿਛਲੇ ਹਿੱਸੇ ਦੀਆਂ ਸਾਫ਼ ਅਤੇ ਵਿਸਤ੍ਰਿਤ ਤਸਵੀਰਾਂ ਦਿਖਾਉਣ ਵਿਚ ਸਹਾਇਕ ਹੈ। ਇਸ ਮੌਕੇ ਅਭਿਜੈ ਚੋਪੜਾ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਇਸ ਸੰਸਥਾ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਸੰਸਥਾ ਵੱਲੋਂ ਲੋੜਵੰਦ ਲੋਕਾਂ ਲਈ ਕੀਤੇ ਜਾ ਰਹੇ ਸੇਵਾ ਕਾਰਜਾਂ ਨੂੰ ਬਹੁਤ ਨੇੜਿਓਂ ਦੇਖਿਆ ਹੈ। ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਟੌਮੀ ਕੰਪਨੀ ਦੇ ਨੁਮਾਇੰਦਿਆਂ ਨੂੰ 11 ਲੱਖ ਰੁਪਏ ਦਾ ਚੈੱਕ ਵੀ ਦਿੱਤਾ ਗਿਆ। ਸੰਸਥਾ ਦੇ ਸੰਸਥਾਪਕ ਪ੍ਰਧਾਨ ਤਰਸੇਮ ਕਪੂਰ ਨੇ ਇਸ ਮੌਕੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੋ-ਚੇਅਰਪਰਸਨ ਸੁਨੀਤਾ ਕਪੂਰ, ਆਰ. ਕੇ. ਭੰਡਾਰੀ, ਬ੍ਰਿਜ ਮਿੱਤਲ, ਸੁਭਾਸ਼ ਅਗਰਵਾਲ, ਮਨੋਹਰ ਲਾਲ ਸ਼ਰਮਾ, ਬਲਦੇਵ ਕਤਿਆਲ, ਸੰਜੇ ਸੱਭਰਵਾਲ, ਐਡਵੋਕੇਟ ਉਮੇਸ਼ ਢੀਂਗਰਾ, ਡਾ. ਜਗਦੀਪ ਸਿੰਘ, ਸੁਮਿਤ ਪੁਰੀ, ਨਿਧੀ ਪੁਰੀ, ਪ੍ਰਾਨਨਾਥ ਭੱਲਾ, ਦੇਸ਼ਬੰਧੂ ਭੱਲਾ, ਲਲਿਤ ਭੱਲਾ, ਸ਼ੈਲਜਾ ਭੱਲਾ, ਭਾਵਨਾ ਸੱਭਰਵਾਲ, ਸੁਮਨ ਖੰਨਾ, ਕੁਲਦੀਪ ਭਗਤ, ਸੁਰਜੀਤ ਲਾਲ, ਸੁਰਿੰਦਰ ਸੇਠ, ਪਵਨ ਮਹਿਤਾ, ਸੰਦੀਪ ਨਾਰੰਗ, ਮਨਵੀਨ ਕੌਰ, ਹਰਪ੍ਰੀਤ ਸਿੰਘ, ਅਰਜੁਨ ਮਹਿਰਾ, ਆਫ਼ਤਾਬ ਆਦਿ ਹਾਜ਼ਰ ਸਨ।

## ਪੰਜਾਬ ਨੂੰ ਹਰ ਸਾਲ ਡੁੱਬਣ ਲਈ ਨਹੀਂ ਛੱਡਿਆ ਜਾ ਸਕਦਾ : ਸਤਨਾਮ ਸੰਧੂ

ਨਵੀਂ ਦਿੱਲੀ 14 ਮਾਰਚ। ਪੰਜਾਬ 'ਚ ਬੀਤੇ ਸਾਲ ਆਏ ਹੜ੍ਹਾਂ ਦਾ ਜ਼ਿਕਰ ਕਰਦੇ ਹੋਏ ਮੰਗਲਵਾਰ ਨੂੰ ਰਾਜ ਸਭਾ 'ਚ ਆਜ਼ਾਦ ਮੈਂਬਰ ਨੇ ਮੰਗ ਕੀਤੀ ਕਿ ਸੂਬੇ 'ਚ ਨਦੀਆਂ ਦੀ ਸਮੇਂ ਰਹਿੰਦੇ ਸਫ਼ਾਈ ਕੀਤੀ ਜਾਵੇਗੀ ਅਤੇ ਗੈਰ-ਕਾਨੂੰਨੀ ਰੇਤ ਮਾਈਨਿੰਗ ਨੂੰ ਰੋਕਣ ਲਈ ਤੁਰੰਤ ਸਖ਼ਤ ਕਦਮ ਚੁੱਕੇ ਜਾਣ। ਭਾਜਪਾ ਦੇ ਨਾਂ ਨਿਰਦੇਸ਼ਿਤ ਸਤਨਾਮ ਸਿੰਘ ਸੰਧੂ ਨੇ ਸਿਫ਼ਰ ਕਾਲ ਦੌਰਾਨ ਇਹ ਮੁੱਦਾ ਚੁੱਕਦੇ ਹੋਏ ਕਿਹਾ ਕਿ ਪੰਜਾਬ ਨੂੰ ਹਰ ਸਾਲ ਡੁੱਬਣ ਲਈ ਨਹੀਂ ਛੱਡਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਅਗਸਤ 2025 'ਚ, ਭਾਰਤ ਦੇ ਪੰਜਾਬ ਦੇ 23 ਤੋਂ ਵੱਧ ਜ਼ਿਲ੍ਹਿਆਂ ਦੇ ਲਗਭਗ 1400 ਪਿੰਡਾਂ ਨੂੰ ਵਿਨਾਸ਼ਕਾਰੀ ਹੜ੍ਹ ਸੰਕਟ ਦਾ ਸਾਹਮਣਾ ਕਰਨਾ ਪਿਆ, ਜਿਸ ਨੂੰ 1988 ਦੇ ਬਾਅਦ ਤੋਂ ਲਗਭਗ ਚਾਰ ਦਹਾਕਿਆਂ 'ਚ ਸਭ ਤੋਂ ਖ਼ਰਾਬ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਹੜ੍ਹ ਨੇ ਰਾਜ ਨੂੰ ਤਬਾਹ ਕਰ ਦਿੱਤਾ, ਤਿੰਨ ਲੱਖ ਹੈਕਟੇਅਰ ਤੋਂ ਵੱਧ ਖੇਤੀਬਾੜੀ ਜ਼ਮੀਨ 'ਤੇ ਲੱਗੀ ਫਸਲ ਖ਼ਰਾਬ ਹੋ ਗਈ, ਤਿੰਨ ਲੱਖ ਤੋਂ ਵੱਧ ਪਸ਼ੂ ਧਨ ਦਾ ਨੁਕਸਾਨ ਹੋਇਆ ਅਤੇ ਕਈ ਲੋਕਾਂ ਦੀ ਜਾਨ ਚਲੀ ਗਈ। ਸੰਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਕਟ ਦੇ ਸਮੇਂ ਰਾਜ ਦਾ ਦੌਰਾ ਕੀਤਾ ਅਤੇ ਸਮੇਂ 'ਤੇ ਰਾਹਤ ਦਿੱਤੀ। ਉਨ੍ਹਾਂ ਕਿਹਾ,"ਸਮੱਸਿਆ ਇਹ ਹੈ ਕਿ ਨਦੀਆਂ ਦੇ ਕਿਨਾਰੇ ਰੇਤ ਦੀ ਗੈਰ-ਕਾਨੂੰਨੀ ਮਾਈਨਿੰਗ ਲਗਾਤਾਰ ਜਾਰੀ ਹੈ, ਜਿਸ ਕਾਰਨ ਦਰਿਆਵਾਂ ਦੇ ਕੰਢਿਆਂ 'ਤੇ ਮਿੱਟੀ ਦਾ ਖੋਰ ਹੋ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਦੀਆਂ ਦੀ ਸਫ਼ਾਈ ਨਾ ਹੋਣ ਕਾਰਨ ਪਾਣੀ ਦੇ ਵਹਾਅ ਦੀ ਦਿਸ਼ਾ ਬਦਲ ਰਹੀ ਹੈ, ਜੋ ਹਰ ਸਾਲ ਹੜ੍ਹਾਂ ਦਾ ਮੁੱਖ ਕਾਰਨ ਬਣਦੀ ਹੈ। ਆਜ਼ਾਦ ਮੈਂਬਰ ਨੇ ਕਿਹਾ ਕਿ ਪਿਛਲੇ ਸਾਲ ਦੀ ਸਥਿਤੀ ਨੂੰ ਮੁੜ ਦੁਹਰਾਉਣ ਤੋਂ ਰੋਕਣ ਲਈ ਤੁਰੰਤ ਜ਼ਰੂਰੀ ਕਦਮ ਚੁੱਕਣੇ ਹੋਣਗੇ, ਕਿਉਂਕਿ ਪੰਜਾਬ ਨੂੰ ਹਰ ਸਾਲ ਡੁੱਬਣ ਲਈ ਨਹੀਂ ਛੱਡਿਆ ਜਾ ਸਕਦਾ।"

## ਓ ਤੇਰੀ..! ਮਹੀਨੇ ਦਾ 7000 ਕਮਾਉਣ ਵਾਲੇ ਨੂੰ ਆ ਗਿਆ 2,00,00,000 ਦਾ ਨੋਟਿਸ, ਦੇਖ ਹੱਕਾ-ਬੱਕਾ ਰਹਿ ਗਿਆ ਬੰਦਾ

ਸਿਧਾਰਥਨਗਰ 14 ਮਾਰਚ। ਉੱਤਰ ਪ੍ਰਦੇਸ਼ ਦੇ ਸਿਧਾਰਥਨਗਰ ਜ਼ਿਲ੍ਹੇ ਤੋਂ ਧੋਖਾਧੜੀ ਦਾ ਇਕ ਅਜਿਹਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਨਿੱਜੀ ਸਕੂਲ 'ਚ ਪੜ੍ਹਾਉਣ ਵਾਲੇ ਅਧਿਆਪਕ ਨੂੰ ਜੀ.ਐੱਸ.ਟੀ. ਵਿਭਾਗ ਨੇ ਲਗਭਗ 2 ਕਰੋੜ ਰੁਪਏ ਟੈਕਸ ਜਮ?ਹਾਂ ਕਰਾਉਣ ਦਾ ਨੋਟਿਸ ਭੇਜ ਦਿੱਤਾ ਹੈ। ਇੰਨੀ ਵੱਡੀ ਰਕਮ ਦਾ ਨੋਟਿਸ ਦੇਖ ਕੇ ਅਧਿਆਪਕ ਦੇ ਹੋਸ਼ ਉੱਡ ਗਏ ਹਨ। ਡੁਮਰੀਆਗੰਜ ਤਹਿਸੀਲ ਦੇ ਪਿੰਡ ਭਰਵਠੀਆ ਮੁਸਤਕਹਮ ਦੇ ਰਹਿਣ ਵਾਲੇ ਓਮ ਪ੍ਰਕਾਸ਼ ਵਰਮਾ ਇਕ ਪ੍ਰਾਈਵੇਟ ਅਧਿਆਪਕ ਹਨ ਅਤੇ ਮਹੀਨੇ ਦੇ ਸਿਰਫ਼ 6 ਤੋਂ 7 ਹਜ਼ਾਰ ਰੁਪਏ ਕਮਾਉਂਦੇ ਹਨ। 10 ਫਰਵਰੀ ਨੂੰ ਉਨ੍ਹਾਂ ਦੇ ਘਰ ਡਾਕ ਰਾਹੀਂ ਇਕ ਸਰਕਾਰੀ ਨੋਟਿਸ ਪਹੁੰਚਿਆ, ਜਿਸ 'ਚ ਉਨ੍ਹਾਂ ਨੂੰ 1,99,42,313 ਰੁਪਏ ਦਾ ਬਕਾਇਆ ਟੈਕਸ ਚੁਕਾਉਣ ਦਾ ਹੁਕਮ ਦਿੱਤਾ ਗਿਆ ਸੀ। ਜਦੋਂ ਪੀੜਤ ਨੇ ਸੇਲ ਟੈਕਸ ਵਿਭਾਗ ਅਤੇ ਪੁਲਸ ਨਾਲ ਸੰਪਰਕ ਕੀਤਾ ਤਾਂ ਇਕ ਵੱਡੀ ਸਾਜ਼ਿਸ਼ ਦਾ ਖੁਲਾਸਾ ਹੋਇਆ। ਜਾਂਚ 'ਚ ਪਤਾ ਲੱਗਾ ਕਿ ਕਿਸੇ ਜਾਲਸਾਜ਼ ਨੇ ਓਮ ਪ੍ਰਕਾਸ਼ ਦੇ ਪੈਨ ਕਾਰਡ ਦੀ ਗਲਤ ਵਰਤੋਂ ਕਰਕੇ ਉਸ ਦੇ ਨਾਮ 'ਤੇ 2 ਵੱਖ-ਵੱਖ ਫਰਮਾਂ ਰਜਿਸਟਰਡ ਕਰਵਾਈਆਂ ਹੋਈਆਂ ਸਨ। ਓਮ ਟ?ਰੇਡਰਜ਼ ਕੰਪਨੀ ਨਵੀਂ ਦਿੱਲੀ 'ਚ ਰਜਿਸਟਰਡ ਹੈ। ਵਰਮਾ ਇੰਟਰਪ੍ਰਾਈਜ਼ਿਜ਼ ਕੰਪਨੀ ਯੂ.ਪੀ. ਦੇ ਫਰੂਖਾਬਾਦ 'ਚ ਰਜਿਸਟਰਡ ਹੈ। ਦਸਤਾਵੇਜ਼ਾਂ ਅਨੁਸਾਰ, ਦਿੱਲੀ ਸਥਿਤ 'ਓਮ ਟ?ਰੇਡਰਜ਼' ਨੇ ਪਿਛਲੇ ਸਾਲ 11 ਕਰੋੜ ਰੁਪਏ ਤੋਂ ਵੱਧ ਦਾ ਲੈਣ-ਦੇਣ ਕੀਤਾ ਸੀ। ਇਸ ਕਾਰੋਬਾਰ ਦਾ ਜੀ.ਐੱਸ.ਟੀ. ਨਾ ਭਰਨ ਕਾਰਨ ਵਿਭਾਗ ਨੇ ਅਸਲੀ ਪੈਨ ਕਾਰਡ ਧਾਰਕ ਓਮ ਪ੍ਰਕਾਸ਼ ਨੂੰ ਨੋਟਿਸ ਜਾਰੀ ਕਰ ਦਿੱਤਾ। ਓਮ ਪ੍ਰਕਾਸ਼ ਦਾ ਕਹਿਣਾ ਹੈ ਕਿ ਉਹ ਇਕ ਗਰੀਬ ਆਦਮੀ ਹੈ ਅਤੇ ਉਸ ਨੇ ਇੰਨੀ ਵੱਡੀ ਰਕਮ ਕਦੇ ਸੁਪਨੇ 'ਚ ਵੀ ਨਹੀਂ ਦੇਖੀ। ਉਸ ਨੇ ਦੱਸਿਆ ਕਿ ਉਸ ਨੂੰ ਪਤਾ ਵੀ ਨਹੀਂ ਲੱਗਾ ਕਿ ਕਦੋਂ ਉਸ ਦੇ ਦਸਤਾਵੇਜ਼ਾਂ ਦੀ ਚੋਰੀ-ਛਿਪੇ ਵਰਤੋਂ ਕਰ ਲਈ ਗਈ। ਪੀੜਤ ਨੇ ਡੁਮਰੀਆਗੰਜ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਟੈਕਸ ਕਮਿਸ਼ਨਰ ਦੇ ਦਫ਼ਤਰ 'ਚ ਵੀ ਇਨਸਾਫ਼ ਦੀ ਗੁਹਾਰ ਲਗਾਈ ਹੈ। ਫਿਲਹਾਲ ਪੁਲਸ ਅਤੇ ਸਬੰਧਤ ਵਿਭਾਗ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਕਿ ਇਸ ਫਰਜ਼ੀਵਾੜੇ ਦੇ ਪਿੱਛੇ ਕਿਹੜਾ ਗਿਰੋਹ ਕੰਮ ਕਰ ਰਿਹਾ ਹੈ।

## ਪੰਜਾਬ ਦੇ 3.34 ਲੱਖ ਪਰਿਵਾਰਾਂ ਲਈ ਰਾਹਤ ਭਰੀ ਖ਼ਬਰ! ਬਾਕੀ ਰਹਿੰਦੇ ਪਰਿਵਾਰ ਵੀ 31 ਮਾਰਚ ਤੋਂ ਪਹਿਲਾਂ...

**ਕੌਮੀ ਪਤ੍ਰਿਕਾ**

ਲੁਧਿਆਣਾ 14 ਮਾਰਚ। ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀਆਂ ਵੱਖ-ਵੱਖ ਟੀਮਾਂ ਵੱਲੋਂ ਕੰਟਰੋਲਰ ਸਰਤਾਜ ਸਿੰਘ ਚੀਮਾ ਦੀ ਅਗਵਾਈ 'ਚ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' (ਪੀ. ਐੱਮ. ਜੀ. ਕੇ. ਵਾਈ.) ਤਹਿਤ 75 ਫ਼ੀਸਦੀ ਲਾਭਪਾਤਰੀਆਂ ਨੂੰ ਅਨਾਜ ਵੰਡਣ ਦਾ ਕੰਮ ਸਫ਼ਲਤਾ ਪੂਰਵਕ ਨਜਿੱਠ ਲਿਆ ਗਿਆ ਹੈ। ਸਰਕਾਰ ਵੱਲੋਂ ਇਸ ਯੋਜਨਾ ਦਾ ਲਾਭ ਹਰ ਯੋਗ ਪਰਿਵਾਰ ਤੱਕ ਪਹੁੰਚਾਉਣ ਲਈ 31 ਮਾਰਚ ਤੱਕ ਦੀ ਆਖ਼ਰੀ ਤਾਰੀਖ਼ ਨਿਰਧਾਰਤ ਕੀਤੀ ਗਈ ਹੈ। ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਜ਼ਿਲ੍ਹੇ ਭਰ 'ਚ 10 ਮਾਰਚ ਤੱਕ 3,34,000 ਪਰਿਵਾਰਾਂ ਨੂੰ ਉਨ੍ਹਾਂ ਦੇ ਹਿੱਸੇ ਦੀ ਮੁਫ਼ਤ ਕਣਕ ਦਾ ਕੋਟਾ ਜਾਰੀ ਕਰ ਦਿੱਤਾ ਗਿਆ ਹੈ। ਬਾਕੀ ਰਹਿੰਦੇ ਪਰਿਵਾਰਾਂ ਨੂੰ ਰਾਸ਼ਨ ਡਿਪੂਆਂ ਰਾਹੀਂ ਕਣਕ ਵੰਡਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਵਿਭਾਗੀ ਰਿਪੋਰਟ ਮੁਤਾਬਕ ਲੁਧਿਆਣਾ ਜ਼ਿਲ੍ਹੇ 'ਚ ਇਸ ਯੋਜਨਾ



ਨਾਲ ਜੁੜੇ ਕੁੱਲ ਰਾਸ਼ਨ ਕਾਰਡ ਧਾਰਕਾਂ ਦੀ ਗਿਣਤੀ 4,40,672 ਹੈ, ਜਿਸ 'ਚ 16,62,310 ਲਾਭਪਾਤਰੀ ਮੈਂਬਰ ਦਰਜ ਹਨ। ਇਨ੍ਹਾਂ ਪਰਿਵਾਰਾਂ ਲਈ ਕੇਂਦਰ ਸਰਕਾਰ ਵੱਲੋਂ 25,159 ਮੀਟ੍ਰਿਕ ਟਨ ਕਣਕ ਦਾ ਕੋਟਾ ਜਾਰੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ 1 ਜਨਵਰੀ ਤੋਂ 31 ਮਾਰਚ ਤੱਕ ਦੇ 3 ਮਹੀਨਿਆਂ ਦੀ ਮੁਫ਼ਤ ਕਣਕ ਵੰਡੀ ਜਾ ਰਹੀ ਹੈ। ਇਸ 'ਚ ਹਰ ਮੈਂਬਰ ਨੂੰ ਪ੍ਰਤੀ ਮਹੀਨਾ 5 ਕਿੱਲੋ ਦੇ ਹਿਸਾਬ ਨਾਲ 3 ਮਹੀਨਿਆਂ ਦੀ ਕੁੱਲ 15 ਕਿੱਲੋ ਕਣਕ ਦਿੱਤੀ ਜਾ ਰਹੀ ਹੈ। ਉਦਾਹਰਣ ਵਜੋਂ ਜੇਕਰ ਕਿਸੇ ਕਾਰਡ 'ਚ 7 ਮੈਂਬਰ ਹਨ ਤਾਂ ਉਹ ਪਰਿਵਾਰ 105 ਕਿੱਲੋ ਮੁਫ਼ਤ ਕਣਕ ਦਾ ਹੱਕਦਾਰ ਹੈ। ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਕੰਟਰੋਲਰ ਸਰਤਾਜ ਸਿੰਘ ਚੀਮਾ ਨੇ ਰਾਸ਼ਨ ਕਾਰਡ ਧਾਰਕਾਂ ਨੂੰ ਅਪੀਲ ਕੀਤੀ ਹੈ ਕਿ ਉਹ 31 ਮਾਰਚ ਤੋਂ ਪਹਿਲਾਂ ਆਪਣੇ ਨੇੜੇ ਦੇ ਰਾਸ਼ਨ ਡਿਪੂ ਤੋਂ ਕਣਕ ਪ੍ਰਾਪਤ ਕਰ ਲੈਣ ਕਿਉਂਕਿ ਨਿਯਮਾਂ ਅਨੁਸਾਰ ਇਸ ਮਿਤੀ ਤੋਂ ਬਾਅਦ ਲਾਭ ਨਹੀਂ ਮਿਲ ਸਕੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕਣਕ ਪ੍ਰਾਪਤ ਕਰਨ 'ਚ ਕੋਈ ਪਰੇਸ਼ਾਨੀ ਆ ਰਹੀ ਹੈ ਤਾਂ ਉਹ ਤੁਰੰਤ ਵਿਭਾਗੀ ਅਧਿਕਾਰੀਆਂ ਨਾਲ ਸੰਪਰਕ ਕਰਨ। ਚੀਮਾ ਨੇ ਸਖ਼ਤ ਲਹਿਜ਼ੇ 'ਚ ਕਿਹਾ ਕਿ ਕਣਕ ਦਾ ਇਕ-ਇਕ ਦਾਣਾ ਗਰੀਬਾਂ ਦੀ ਅਮਾਨਤ ਹੈ ਅਤੇ ਇਸ 'ਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਹੇਰਾ-ਫੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਸੀ. ਬੀ. ਐੱਸ. ਈ. ਮੈਥਸ ਪੇਪਰ ਦਾ ਕਿਊ ਆਰ ਸਕੈਨ ਕਰਦੇ ਹੀ ਵੱਜਣ ਲੱਗਾ ਪੌਪ ਸੌਂਗ, ਵਿਵਾਦ ਛਿੜਨ ਕਾਰਨ ਬੋਰਡ ਨੇ ਦਿੱਤੀ ਸਫ਼ਾਈ

**ਕੌਮੀ ਪਤ੍ਰਿਕਾ**

ਲੁਧਿਆਣਾ 14 ਮਾਰਚ। ਸੀ. ਬੀ. ਐੱਸ. ਈ. ਕਲਾਸ ਦੇ ਮੈਥਸ ਦੇ ਪ੍ਰਸ਼ਨ-ਪੱਤਰ ਵਿਚ ਕਿਊ ਆਰ ਕੋਡ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਵਿਵਾਦ ਛਿੜ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰੀਖਿਆ ਕੇਂਦਰ ਵਿਚ ਕਿਊ ਆਰਡ ਕੋਡ ਨੂੰ ਸਕੈਨ ਕਰਨ 'ਤੇ ਅੰਗਰੇਜ਼ੀ ਗਾਇਕ ਰਿਕ ਐਸਟਲੀ ਦੇ ਪਾਪੂਲਰ ਗਾਣੇ 'Never gonna give You up' ਦਾ ਯੂ-ਟਿਊਬ 'ਤੇ ਵੀਡੀਓ ਖੁੱਲ੍ਹ ਰਿਹਾ ਸੀ। ਇਸ ਘਟਨਾ ਤੋਂ ਬਾਅਦ ਪ੍ਰੀਖਿਆ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਉੱਠਣ ਲੱਗੇ ਅਤੇ ਸੋਸ਼ਲ ਮੀਡੀਆ 'ਤੇ ਵੀ ਇਸ ਸਬੰਧੀ ਮੀਮਸ ਵੀ ਤੇਜ਼ੀ ਨਾਲ ਵਾਇਰਲ ਹੋਣ ਲੱਗੇ। ਹਾਲਾਂਕਿ ਵਿਵਾਦ 'ਤੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ. ਬੀ. ਐੱਸ. ਈ.) ਨੇ ਸਪੱਸ਼ਟੀਕਰਨ ਵੀ ਜਾਰੀ ਕੀਤਾ। ਸੀ. ਬੀ. ਐੱਸ. ਈ. ਨੇ ਪੁਸ਼ਟੀ ਕੀਤੀ ਹੈ ਕਿ ਵਾਇਰਲ ਪ੍ਰਸ਼ਨ-ਪੱਤਰ ਦੀ ਸੁਰੱਖਿਆ ਵਿਚ ਕੋਈ ਸੰਨ੍ਹ ਨਹੀਂ ਲੱਗੀ ਹੈ। ਬੋਰਡ ਨੇ ਕਿਹਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਭਵਿੱਖ ਵਿਚ ਅਜਿਹੀਆਂ ਸਮੱਸਿਆਵਾਂ ਮੁੜ ਨਾ ਵਾਪਰਨ, ਇਸ ਲਈ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਅਸਲ ਵਿਚ 12ਵੀਂ ਗਣਿਤ ਦੀ ਪ੍ਰੀਖਿਆ ਦੇ ਪ੍ਰਸ਼ਨ-ਪੱਤਰ 'ਤੇ ਮੌਜੂਦ 'ਕਿਊ. ਆਰ.' ਕੋਡ ਨੇ ਵਿਦਿਆਰਥੀਆਂ ਨੂੰ ਭਰਮ ਵਿਚ ਪਾ ਦਿੱਤਾ। ਬੱਚਿਆਂ ਅਤੇ ਮਾਪਿਆਂ 'ਚ



ਵੀ ਪ੍ਰਸ਼ਨ-ਪੱਤਰਾਂ ਦੀ ਪ੍ਰਮਾਣਿਕਤਾ ਨੂੰ ਲੈ ਕੇ ਚਿੰਤਾ ਪੈਦਾ ਹੋ ਗਈ ਅਤੇ ਉਨ੍ਹਾਂ ਨੂੰ ਪੇਪਰ ਨਾਲ ਛੇੜਛਾੜ ਦਾ ਡਰ ਸਤਾਉਣ ਲੱਗਾ। ਸੀ. ਬੀ. ਐੱਸ. ਈ. ਨੇ ਆਪਣੇ ਅਧਿਕਾਰਤ ਬਿਆਨ ਵਿਚ ਕਿਹਾ ਕਿ ਕਿਊ. ਆਰ. ਕੋਡ ਸੁਰੱਖਿਆ ਅਤੇ ਅਥੈਂਟੀਕੇਸ਼ਨ ਲਈ ਹੁੰਦਾ ਹੈ, ਤਾਂ ਕਿ ਕਿਸੇ ਵੀ ਸੰਭਾਵਿਤ ਲੀਕ ਦੀ ਸਥਿਤੀ ਵਿਚ ਪ੍ਰਸ਼ਨ-ਪੱਤਰ ਨੂੰ ਕਨਫਰਮ ਕੀਤਾ ਜਾ ਸਕੇ। ਬੋਰਡ ਨੇ ਭਰੋਸਾ ਦਿੱਤਾ ਹੈ ਕਿ ਪ੍ਰੀਖਿਆ ਦੀ ਸੁਰੱਖਿਆ ਪੂਰੀ ਤਰ੍ਹਾਂ ਬਰਕਰਾਰ ਹੈ। ਹਾਲਾਂਕਿ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਸ ਘਟਨਾ ਨੂੰ ਲੈ ਕੇ ਮੀਮਸ ਦਾ ਹੜ੍ਹ ਆ ਗਿਆ ਹੈ। ਇਕ ਯੂਜ਼ਰ ਨੇ ਕੁਮੈਂਟ ਕੱਸਦੇ ਹੋਏ ਲਿਖਿਆ ਕਿ ਉਹ ਐਗਜ਼ਾਮ ਵਿਚ 'ਇੰਟੀਗ੍ਰਲਸ' ਹੱਲ ਕਰਨ ਦਾ ਯਤਨ ਕਰ ਰਿਹਾ ਸੀ ਅਤੇ ਬੋਰਡ 'ਰਿਕਰੋਲ' ਕਰ ਰਿਹਾ ਸੀ। ਯੂਜ਼ਰਾਂ ਨੇ ਇਸ ਮਾਮਲੇ ਵਿਚ ਸਿੱਖਿਆ ਮੰਤਰਾਲਾ ਅਤੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਟੈਗ ਕਰ ਕੇ ਜਾਂਚ ਦੀ ਮੰਗ ਵੀ ਕੀਤੀ ਸੀ।

## ਰਾਜਸਥਾਨ ਦੇ ਡਾਕਘਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਜੈਪੁਰ 14 ਮਾਰਚ। ਰਾਜਸਥਾਨ ਦੇ ਵੱਖ-ਵੱਖ ਡਾਕਘਰਾਂ ਨੂੰ ਮੰਗਲਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਧਮਕੀ ਦੀ ਈਮੇਲ ਮਿਲਣ ਨਾਲ ਸੰਸਥਾ ਦੇ ਅਹਾਤੇ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਗਈ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਨੇ ਕਿਹਾ ਕਿ ਜਾਂਚ ਦੌਰਾਨ ਹੁਣ ਤੱਕ ਕੋਈ ਸ਼ੱਕੀ ਵਸਤੂ ਨਹੀਂ ਮਿਲੀ ਹੈ। ਉਨ੍ਹਾਂ ਕਿਹਾ ਕਿ ਬਾਂਸਵਾੜਾ, ਬੀਕਾਨੇਰ ਅਤੇ ਬਾੜਮੇਰ ਵਿੱਚ ਡਾਕਘਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੇ ਈਮੇਲ ਮਿਲਣ ਤੋਂ ਬਾਅਦ ਸਥਾਨਕ ਪੁਲਸ ਅਤੇ ਸੀਆਈਡੀ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ। ਇਸ ਦੌਰਾਨ ਸਾਵਧਾਨੀ ਵਜੋਂ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਸੁਰੱਖਿਆ ਟੀਮ ਨੇ ਪ੍ਰੋਟੋਕੋਲ ਦੇ ਅਨੁਸਾਰ ਇਮਾਰਤ ਅਤੇ ਆਲੇ-ਦੁਆਲੇ ਦੇ ਖੇਤਰਾਂ ਦੀ ਜਾਂਚ ਕੀਤੀ

## ਹੁਸ਼ਿਆਰਪੁਰ ਜ਼ਿਲ੍ਹੇ 'ਚ ਲੱਗੀਆਂ ਵੱਡੀਆਂ ਪਾਬੰਦੀਆਂ! 7 ਮਈ ਤੱਕ ਜਾਰੀ ਰਹਿਣਗੇ ਹੁਕਮ

ਹੁਸ਼ਿਆਰਪੁਰ 14 ਮਾਰਚ। ਜ਼ਿਲ੍ਹਾ ਮੈਜਿਸਟ?ਰੇਟ ਹੁਸ਼ਿਆਰਪੁਰ ਆਸ਼ਿਕਾ ਜੈਨ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ 'ਚ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟ?ਰੇਟ ਨੇ ਜ਼ਿਲ੍ਹੇ 'ਚ ਪ੍ਰੈਗਾਬਲਿਨ ਕੈਪਸੂਲਾਂ ਨੂੰ ਬਿਨਾਂ ਲਾਇਸੈਂਸ ਰੱਖਣ, ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਰੱਖਣ/ਵੇਚਣ ਅਤੇ ਇਹ ਦਵਾਈ ਬਿਨਾਂ ਡਾਕਟਰ ਦੀ ਪਰਚੀ ਤੋਂ ਵੇਚਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਜ਼ਿਲ੍ਹੇ 'ਚ ਗਰਮੀਆਂ ਨੂੰ ਸ਼ਾਮ 6 ਤੋਂ ਸਵੇਰੇ 6 ਵਜੇ ਤੱਕ ਅਤੇ ਸਰਦੀਆਂ ਨੂੰ ਸ਼ਾਮ 5 ਤੋਂ ਸਵੇਰੇ 7 ਵਜੇ ਤੱਕ ਗਊਵੰਸ਼ ਦੀ ਢੋਆ-ਢੁਆਈ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਨੇ ਗਊ ਵੰਸ਼ ਰੱਖੇ ਹੋਏ ਹਨ, ਉਨ੍ਹਾਂ ਨੂੰ ਪਸ਼ੂ ਪਾਲਣ ਵਿਭਾਗ ਕੋਲ ਰਜਿਸਟਰਡ ਕਰਵਾਉਣ ਦੇ ਹੁਕਮ ਵੀ ਦਿੱਤੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ?ਰੇਟ ਨੇ ਹੁਕਮ ਜਾਰੀ ਕੀਤੇ ਕਿ ਕੋਈ ਵੀ ਵਿਅਕਤੀ/ਸਮਾਜਿਕ ਜਾਂ ਧਾਰਮਿਕ ਜਥੇਬੰਦੀ ਵੱਲੋਂ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ 'ਚ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਪੂਰਨ ਪਾਬੰਦੀ ਰਹੇਗੀ। ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਜਾਰੀ ਕੀਤੇ ਹੁਕਮ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੇਂਡੂ ਅਤੇ ਸ਼ਹਿਰੀ



ਖੇਤਰਾਂ 'ਚ ਕੋਈ ਵੀ ਵਿਅਕਤੀ ਜਾਂ ਪੰਚਾਇਤ ਜਾਂ ਨਗਰ ਕੌਂਸਲ ਜਾਂ ਨਗਰ ਪੰਚਾਇਤ ਸਬੰਧਤ ਉੱਪ-ਮੰਡਲ ਮੈਜਿਸਟ?ਰੇਟ ਦੀ ਲਿਖਤੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਛੱਪੜ ਨਹੀਂ ਪੂਰੇਗਾ। ਇਕ ਹੋਰ ਹੁਕਮ ਜਾਰੀ ਕਰਦਿਆਂ ਜ਼ਿਲ੍ਹਾ ਮੈਜਿਸਟ?ਰੇਟ ਨੇ ਜ਼ਿਲ੍ਹੇ ਦੇ ਸਾਰੇ ਪਿੰਡਾਂ 'ਚ ਗਲੀਆਂ/ਰਸਤਿਆਂ 'ਚ ਨਾਜਾਇਜ਼ ਬੋਰ ਕਰਨ 'ਤੇ ਵੀ ਪਾਬੰਦੀ ਲਾ ਦਿੱਤੀ ਹੈ। ਇਹ ਹੁਕਮ 7 ਮਈ 2026 ਤੱਕ ਲਾਗੂ ਰਹਿਣਗੇ।

## ਪੰਜਾਬ ਦੇ ਕਿਸਾਨਾਂ 'ਤੇ ਕਰਜ਼ੇ ਦੀ ਮਾਰ! ਤਿੰਨ ਸਾਲਾਂ ਵਿਚ 45,778 ਕਰੋੜ ਰੁਪਏ ਵਧਿਆ ਕਰਜ਼ਾ

ਚੰਡੀਗੜ੍ਹ 14 ਮਾਰਚ। ਪੰਜਾਬ ਵਿਚ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਪਿਛਲੇ ਸਿਰਫ਼ ਤਿੰਨ ਸਾਲਾਂ ਵਿਚ ਹੀ ਖੇਤੀਬਾੜੀ ਕਰਜ਼ੇ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਅੰਕੜਿਆਂ ਅਨੁਸਾਰ ਸਾਲ 2021-22 ਤੋਂ 2023-24 ਦੇ ਦਰਮਿਆਨ ਕਿਸਾਨਾਂ ਸਿਰ ਖੇਤੀਬਾੜੀ ਕਰਜ਼ਾ ਕਰੀਬ 45,778.26 ਕਰੋੜ ਰੁਪਏ ਵਧਿਆ ਹੈ। ਜਿੱਥੇ 2021-22 ਵਿਚ ਖੇਤੀ ਨਾਲ ਜੁੜੇ ਪਰਿਵਾਰਾਂ ਨੇ 19,272.74 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ, ਉੱਥੇ ਹੀ 2023-24 ਵਿਚ ਇਹ ਰਾਸ਼ੀ ਵੱਧ ਕੇ 65,051 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਖੇਤੀ ਦੀ ਵਧਦੀ ਲਾਗਤ ਅਤੇ ਸੀਮਤ ਆਮਦਨ ਕਾਰਨ ਕਿਸਾਨ ਹਰ ਸੀਜ਼ਨ ਵਿਚ ਨਵਾਂ ਕਰਜ਼ਾ ਲੈਣ ਲਈ ਮਜ਼ਬੂਰ ਹੋ ਰਹੇ ਹਨ। ਫ਼ਸਲਾਂ ਦੇ ਰਕਬੇ ਵਿਚ ਵੀ ਵੱਡੇ ਬਦਲਾਅ ਵੇਖਣ ਨੂੰ ਮਿਲੇ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਮਾਰ ਦਾਲਾਂ ਦੀ ਖੇਤੀ 'ਤੇ ਪਈ ਹੈ। ਸਾਲ 2023-24 ਵਿਚ ਦਾਲਾਂ ਹੇਠ ਰਕਬਾ 75.2 ਲੱਖ ਹੈਕਟੇਅਰ ਸੀ, ਜੋ 2024-25 ਵਿੱਚ 50.93 ਫ਼ੀਸਦੀ ਘਟ ਕੇ ਸਿਰਫ਼ 36.9 ਲੱਖ ਹੈਕਟੇਅਰ ਰਹਿ ਗਿਆ ਹੈ। ਇਸੇ ਤਰ੍ਹਾਂ ਮੱਕੀ ਦੇ ਰਕਬੇ ਵਿੱਚ 8.89 ਫ਼ੀਸਦੀ ਅਤੇ ਕਣਕ ਵਿੱਚ 0.11 ਫ਼ੀਸਦੀ ਦੀ ਮਾਮੂਲੀ ਕਮੀ ਆਈ ਹੈ, ਜਦਕਿ ਝੋਨੇ ਹੇਠਲਾ ਰਕਬਾ 2.02 ਫ਼ੀਸਦੀ ਵਧਿਆ ਹੈ। ਖਾਦ ਦੀ ਵਰਤੋਂ ਸਬੰਧੀ ਅੰਕੜੇ ਦੱਸਦੇ ਹਨ ਕਿ 2024-25 ਵਿੱਚ ਪ੍ਰਤੀ ਹੈਕਟੇਅਰ 247.20 ਕਿਲੋਗ੍ਰਾਮ ਖਾਦ ਦੀ ਵਰਤੋਂ ਕੀਤੀ ਗਈ ਹੈ। ਖੇਤੀ ਮਾਹਿਰ ਸੁਰਿੰਦਰਪਾਲ ਸਿੰਘ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੰਜਾਬ ਦੀ ਖੇਤੀ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਠੋਸ ਕਦਮ ਨਾ ਚੁੱਕੇ ਗਏ ਤਾਂ ਕਰਜ਼ੇ ਦਾ ਦਬਾਅ ਹੋਰ ਵਧ ਸਕਦਾ ਹੈ। ਉਨ੍ਹਾਂ ਅਨੁਸਾਰ ਸਿਰਫ਼ ਕਰਜ਼ਾ ਵਧਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ, ਸਗੋਂ ਫ਼ਸਲੀ ਵਿਭਿੰਨਤਾ, ਲਾਗਤ ਵਿਚ ਕਮੀ, ਆਧੁਨਿਕ ਤਕਨੀਕਾਂ ਦੀ ਵਰਤੋਂ, ਬਿਹਤਰ ਮੰਡੀਕਰਨ ਵਿਵਸਥਾ ਅਤੇ ਖੇਤੀ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਬੇਹੱਦ ਜ਼ਰੂਰੀ ਹੈ।

## ਫਿਰੌਤੀ ਦੀ ਮੰਗ ਨੂੰ ਲੈ ਕੇ ਹਸਪਤਾਲ 'ਤੇ ਗੋਲੀਆਂ ਚਲਾਉਣ ਵਾਲੇ ਦੋ ਵਿਅਕਤੀ ਗ੍ਰਿਫ਼ਤਾਰ, ਹੋਏ ਅਹਿਮ ਖ਼ੁਲਾਸੇ

**ਕੌਮੀ ਪਤ੍ਰਿਕਾ**

ਨਵਾਂਸ਼ਹਿਰ 14 ਮਾਰਚ। 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਨੂੰ ਲੈ ਕੇ ਬੰਗਾ ਸਥਿਤ ਹਸਪਤਾਲ ਵਿੱਚ ਗੋਲ?ਬਾਰੀ ਕਰਨ ਵਾਲੇ ਦੋ ਸ਼ੱਕੀਆਂ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ ਅਤੇ ਅਪਰਾਧ 'ਚ ਵਰਤੇ ਗਏ ਦੋ ਪਿਸਤੌਲ, 7 ਜ਼ਿੰਦਾ ਕਾਰਤੂਸ ਅਤੇ ਮੋਟਰਸਾਈਕਲ ਬਰਾਮਦ ਕੀਤਾ ਹੈ। ਨਵਾਂਸ਼ਹਿਰ ਵਿੱਚ ਇਕ ਪ੍ਰੈੱਸ ਕਾਨਫ਼ਰੰਸ ਵਿੱਚ ਬੋਲਦਿਆਂ, ਐੱਸ. ਐੱਸ. ਪੀ. ਤੁਸ਼ਾਰ ਗੁਪਤਾ ਨੇ ਦੱਸਿਆ ਕਿ 9 ਮਾਰਚ ਨੂੰ ਬੰਗਾ ਦੇ ਮੁਕੰਦਪੁਰ ਰੋਡ 'ਤੇ ਮਹਿੰਦਰਾ ਹਸਪਤਾਲ ਦੇ ਬਾਹਰ ਬਾਈਕ 'ਤੇ ਸਵਾਰ ਦੋ ਨੌਜਵਾਨਾਂ ਨੇ ਦੋ ਗੋਲ?ਆਂ ਚਲਾਈਆਂ। ਉਨ੍ਹਾਂ ਦੱਸਿਆ ਕਿ ਸਪਤਾਲ ਦੇ ਮਾਲਕ, ਡਾਕਟਰ ਓਂਕਾਰ ਸਿੰਘ, ਪੁੱਤਰ ਚਰਨ ਸਿੰਘ ਵਾਸੀ ਮੁਕੰਦਪੁਰ ਰੋਡ ਨੇੜੇ ਪੂਨੀਆ ਫਾਟਕ ਨੂੰ 3 ਮਾਰਚ ਨੂੰ ਇਕ ਵਿਦੇਸ਼ੀ ਮੋਬਾਇਲ ਨੰਬਰ ਤੋਂ ਕੁੱਕੜ ਮਜ਼ਾਰਾ ਦੇ ਰਹਿਣ ਵਾਲੇ ਜਸਪ੍ਰੀਤ ਸਿੰਘ ਉਰਫ਼ ਕੰਨੂ ਜੋਕਿ ਅਮਰੀਕਾ ਵਿੱਚ ਰਹਿੰਦਾ ਹੈ, ਨੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ ਅਤੇ 50 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਜਿਸ 'ਤੇ ਡਾ. ਓਂਕਾਰ ਸਿੰਘ ਦੇ ਬਿਆਨ ਦੇ ਆਧਾਰ 'ਤੇ ਪੁਲਸ ਨੇ ਮਾਮਲਾ ਦਰਜ ਕੀਤਾ। ਉਨ੍ਹਾਂ ਦੱਸਿਆ ਕਿ 8 ਮਾਰਚ ਨੂੰ ਡਾ. ਓਂਕਾਰ ਨੂੰ ਜਸਪ੍ਰੀਤ ਸਿੰਘ ਉਰਫ਼ ਕੰਨੂ ਵੱਲੋਂ ਫਿਰੌਤੀ ਦੀ ਮੰਗ ਨੂੰ ਦੁਹਰਾਉਂਦੇ ਹੋਏ ਇਕ ਹੋਰ ਫੋਨ ਆਇਆ। ਐੱਸ. ਐੱਸ. ਪੀ. ਨੇ ਦੱਸਿਆ ਕਿ 9 ਮਾਰਚ ਨੂੰ ਜਸਪ੍ਰੀਤ ਸਿੰਘ ਉਰਫ਼ ਕੰਨੂ ਵੱਲੋਂ ਭੇਜੇ ਗਏ ਮੋਟਰਸਾਈਕਲ 'ਤੇ ਦੋ ਅਣਪਛਾਤੇ ਨੌਜਵਾਨਾਂ ਨੇ ਸਵੇਰੇ ਸਾਢੇ 6 ਵਜੇ ਦੇ ਕਰੀਬ ਮਹਿੰਦਰਾ ਹਸਪਤਾਲ ਦੇ ਬਾਹਰ ਗੋਲ?ਆਂ ਚਲਾ ਦਿੱਤੀਆਂ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਪੁਲਸ ਨੇ ਸੀ. ਸੀ. ਟੀ. ਵੀ. ਕੈਮਰਿਆਂ, ਤਕਨੀਕੀ ਆਉਟਪੁੱਟ ਅਤੇ ਮਨੁੱਖੀ ਸਰੋਤਾਂ ਦੀ ਵਰਤੋਂ ਕਰਦੇ ਹੋਏ, ਮਾਮਲੇ ਦਾ ਪਤਾ ਲਗਾਇਆ ਅਤੇ ਉਨ੍ਹਾਂ ਨੇ ਮੁੱਖ ਸ਼ੂਟਰਾਂ, ਸਾਵਨ ਪੁੱਤਰ ਕੁਲਵੀਰ, ਵਾਸੀ ਸਾਹਰੀ, ਥਾਣਾ ਮੇਹਟੀਆਣਾ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤੁਸ਼ਾਰ ਸਰੀਨ ਪੁੱਤਰ ਦਿਨੇਸ਼ ਸਰੀਨ, ਵਾਸੀ ਕੀਰਤ ਨਗਰ, ਰਹੀਮਪੁਰ ਮੰਡੀ, ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਅਪਰਾਧ ਵਿੱਚ ਵਰਤਿਆ ਗਿਆ 30 ਬੋਰ ਦਾ ਚੀਨੀ ਪਿਸਤੌਲ, ਪੰਜ ਜ਼ਿੰਦਾ ਕਾਰਤੂਸ, ਇੱਕ 32 ਬੋਰ ਦਾ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਐੱਸ. ਐੱਸ. ਪੀ. ਤੁਸ਼ਾਰ ਗੁਪਤਾ ਨੇ ਦੱਸਿਆ ਕਿ ਗੋਲ?ਬਾਰੀ ਦੀ ਘਟਨਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਵਿਦੇਸ਼ ਵਿੱਚ ਰਹਿੰਦੇ ਜਸਪ੍ਰੀਤ ਸਿੰਘ ਉਰਫ਼ ਕੰਨੂ ਦੇ ਸੰਪਰਕ ਵਿੱਚ ਸੋਸ਼ਲ ਮੀਡੀਆ ਰਾਹੀਂ ਆਇਆ ਸੀ। ਕੰਨੂ ਨੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ



ਨੂੰ ਅਪਰਾਧ ਨੂੰ ਅੰਜਾਮ ਦੇਣ ਦੇ ਬਦਲੇ ਵੱਡੀ ਰਕਮ ਦਾ ਲਾਲਚ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਕੰਨੂ ਦੇ ਇਸ਼ਾਰੇ "ਤੇ ਸੈਲਾ ਕਸਬਾ, ਪੱਦੀ ਸੂਰਾ ਸਿੰਘ ਪਿੰਡ, ਓਏਸਿਸ ਹੋਟਲ, ਗੜ੍ਹਸ਼ੰਕਰ ਅਤੇ ਹੁਸ਼ਿਆਰਪੁਰ ਦੇ ਸਮੁੰਦਰਾ ਪਿੰਡ ਵਿੱਚ ਇੱਕ ਮੈਡੀਕਲ ਸਟੋਰ 'ਤੇ ਫਿਰੌਤੀ ਲਈ ਗੋਲ?ਬਾਰੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਜਸਪ੍ਰੀਤ ਸਿੰਘ ਉਰਫ਼ ਕੰਨੂ ਨੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਇਨ੍ਹਾਂ ਹਰੇਕ ਅਪਰਾਧ ਲਈ ਸਿਰਫ਼ 1000-1000 ਰੁਪਏ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੇ ਕੰਨੂ ਦੇ ਇਸ਼ਾਰੇ 'ਤੇ ਇਕ ਟੂਰਨਾਮੈਂਟ 'ਚ ਕਤਲ ਕਰਨਾ ਸੀ, ਜਿਸ ਮਾਮਲੇ ਦੀ ਪੁਲਸ ਜਾਂਚ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ, ਜਿਨ੍ਹਾਂ ਦੀ ਉਮਰ 20-21 ਸਾਲ ਹੈ, ਅੱਠਵੀਂ ਅਤੇ ਦਸਵੀਂ ਜਮਾਤ ਫੇਲ੍ਹ ਹਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਪੁਲਸ ਰਿਮਾਂਡ 'ਤੇ ਲਿਆ ਜਾਵੇਗਾ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਵਿਦੇਸ਼ ਵਿੱਚ ਰਹਿ ਰਹੇ ਕੰਨੂ ਦੁਆਰਾ ਪ੍ਰਦਾਨ ਕੀਤੇ ਗਏ ਹਥਿਆਰ ਕਿਸਨੇ ਪਹੁੰਚਾਏ ਸਨ ਅਤੇ ਇਸ ਅਪਰਾਧ ਵਿੱਚ ਹੋਰ ਕਿੰਨੇ ਵਿਅਕਤੀ ਸ਼ਾਮਲ ਹਨ। ਇਸ ਮੌਕੇ ਪੁਲਸ ਸੁਪਰਡੈਂਟ (ਜਾਂਚ) ਸਰਵਜੀਤ ਸਿੰਘ ਵਾਹੀਆ, ਡੀ. ਐੱਸ. ਪੀ. ਸੁਰਿੰਦਰ ਚੰਦ, ਸੀ. ਆਈ. ਏ. ਇੰਚਾਰਜ ਇੰਸਪੈਕਟਰ ਨੀਰਜ ਚੌਧਰੀ ਅਤੇ ਹੋਰ ਅਧਿਕਾਰੀ ਮੌਜੂਦ ਸਨ।